

# ਸ਼੍ਰੀਮਦ ਭਗਵਦਗੀਤਾ

## ਕਰਮਯੋਗ


ਅਨੁਵਾਦ

ਪੰਡਿਤ ਰਾਮ ਸਰਨ ਐਡਵੋਕੇਟ

ਸਹਿਯੋਗ

ਡਾ. ਨੀਰਾ ਸ਼ਰਮਾ - ਡਾ. ਵਿਭਾ ਸ਼ਰਮਾ



ਅਰੁਣ ਪਬਲਿਸ਼ਿੰਗ ਹਾਊਸ, ਚੰਡੀਗੜ੍ਹ -(ਇੰਡੀਆ)

# ਸ਼੍ਰੀਮਦ ਭਗਵਦਗੀਤਾ (ਕਰਮਯੋਗ)

Arun
Publishing
House
Chandigarh
(India)
arunpublishing
@gmail.com



Pt. Ram Saran B. A., L. L. B. Advocate
Translator of the
Sh. Bhagwat Gita in Punjabee verse.

ਭੇਟ!

ਪੂਜਨੀਕ ਪਿਤਾ
**ਪੰਡਿਤ ਮੋਹਣ ਲਾਲ ਜੀ**
ਦੀ ਸੇਵਾ ਵਿਚ
ਬੜੇ ਪ੍ਰੇਮ ਤੇ ਸਤਿਕਾਰ
ਭਰੇ ਹਿਰਦੇ ਨਾਲ
ਇਹ ਪੁਸਤਕ ਅਰਪਣ ਕਰਦਾ ਹਾਂ
ਓਹਨਾਂ ਦੀ ਕ੍ਰਿਪਾ ਤੇ
ਉਤਸ਼ਾਹ ਨਾਲ ਹੀ
ਇਹ ਕਾਰਜ ਸਿਰੇ ਚੜ੍ਹਿਆ ਏ।

ਰਾਮ ਸਰਨ

# ਸ਼੍ਰੀਮਦ ਭਗਵਦਗੀਤਾ

## (ਕਰਮਯੋਗ)

**ਪੰਡਿਤ ਰਾਮ ਸਰਨ ਐਡਵੋਕੇਟ**
ਲਾਹੌਰ

Arun Publishing House
SCO 49-51, Sector - 17C,
Chandigarh - 160 017 (India)

Arun Publishing House
SCO 49-51, SECTOR 17 C,
CHANDIGARH - 160 017
EMAIL: arunpublishing@gmail.com
Tel. - (0172) - 2702189

*Sales/Liaison/Warehouses-Godowns/Stokists/Distributors/Branches*
Chandigarh➢New Delhi➢Bengaluru➢Hyderabad➢Cochin➢Goa➢ Guwahati➢Derabassi➢Austraila➢Canada

ਸ਼੍ਰੀਮਦ ਭਗਵਦਗੀਤਾ (ਕਰਮਯੋਗ) = ਪੰਡਿਤ ਰਾਮ ਸਰਨ ਐਡਵੋਕੇਟ
Srimad Bhagwat Gita (Karamyog) - Pandit Ram Sharan, Advocate

*International Standard Book Number (ISBN):* ***978-81-8048-301-1***

First Published: 1935
This Edition/Print 2022
© 2022 Authors

All rights reserved. This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved, No part of this publication may be reproduced, stored in or introduced into a retrieval system or transmitted, in any form or by any means, electronic, mechanical, photocopying, recording or otherwise, without prior written permission of both the copyright owner and the publisher of this book.

The views and opinions expressed in this book are the author's own and the facts verified to the extent possible are as reported by the author/s have been reproduced and the publishers in no way are responsible/liable for any affect on account of any expression, whatsoever. Any assertion regarding proprietary name/trademark etc. should not be taken as affecting the legal status of these names/marks.

*Designed and Photo-composed at:*
New Era Book Agency, SCO 49-51 (Basement), Sector - 17C, Chandigarh - 160 017 (India), Tel.: 0172-2702318

**₹ 295/-**

Printed in India

*Published by and printed through Arun Publishing House, Chandigarh - 160 017 (India)*

Title Page of First Edition Published in the Year - 1935)

A BOOK FOR
EVERY PUNJABEE HOME

# Bhagwat Gita

(PUNJABEE VERSE)

By

Pt. RAM SARAN B. A. L.L.B. Advocate
Lahore.

**SRI DARBAR PRESS,**
Nisbet Road, Lahore.
and others leading Booksellers.

---

Price Dev-Nagri Script Annas 10
Gurmukhi ,, Annas 5.



# Opinions from first print....

Dr. ROBINDRA NATH TAGORE:—

was kind enough to hear recitations from this translation of Bhagwat Gita on 21st Febuary 1935. The poet compared some verses with the Sanskrit original and some Punjabee words were explained to him. The first words that dropped from his lips were."The translation [illegible] .ful and homely." The poet was requested to give his blessings to the publication. He smiled a most charming smile and with his own hands gave blessings on the first copy of the publication.

RAM CHAND MANCHANDA Advocate.

It is a matter of great pleasure to see in homely standard Punjabee verse the subtle philosophy of Bhagwat Gita. This is a great achievement and only those who know the philosophy of life as profounded by Maharishi Vyas and have made attempts to express, it can [illegible] y estimate its value and see for themselves the [illegible] of this unique work in our mother toungue [illegible] sure the book will find its [illegible] to every Punjab House.

Pt. RAM GOPAL JI SHASTURI VAIDYA.
Ex Research Scholar and Professor D. A. V. COLLEGE LAHORE.

Atfer going through this Punjabee translation of Bhagwat Gita I am of opinion that this poetic rendering is sweet and simple and fully expresses and explains the teachings of Vyas.

GOSWAMI TYAGMURTI Pt. GANESH DUTT JI

This is a literal rendering of the original Shlokas of the Bhagwat Gita. The translation is of a very high merit. I have seen a good many poetic renderings of the Bhagwat Gita, but I have never so far come accross a better translation. The poetry is so



simple that even children can easily follow and understand the philosophy. I hope the book will receive universal appreciation.

Dr. SIR. GOKAL CHAND NARANG M.A. Ph. D.

I have read with great interest the translation of the 1st 6 chapters of Bhagwat Gita by Pt. Ram Saran B. A. L.L. B. Advocate of Lahore. The translation is in very simple and homely Punjabee verse and I have no doubt will be very much appreciated by those Punjabee who love their mother tongue and have no access to the original.

R.B.L .MUKAND LAL Puri M.A.(PUNJAB AND OXON)
M.L.C., BARRISTER-AT-LAW. LAHORE.

I have read with great pleasure and interest the translation in Punjabee verse of the first six chapters of Shrimad Bhagwad Gita by Pt. Ram Saran advocate of Lahore. It is an accurate translation in simple and homely verse and will be enjoyed and appreciated by all who read it. I consider it to be a valuable addition to the literature on Bhagwad Gita and is eminently fitted to placed in the hands of ladies and girls.

R. B. DURGA DAS, B. A., L. L. B. Advocate.

I congratulate you upon your new publication Gita in Punjabee. You have done a great service to the cause of true religion as well as of the Punjabee language. Your rendering in Punjabee Verse is both correct and simple.

MEHTA AMIN CHAND B. A. L. L. B Advocate.

It is a pleasure to read it and find the Punjabee rendering of Sanskrit verses so faithful I am sure, you will immortalise your name in Punjabee literature.

# ਮਨ-ਤ੍ਰੰਗ!

ਬਚਪਨ ਦਾ ਜ਼ਮਾਨਾ ਸੀ, ਤਿੰਨ ਮਿੱਤਰ ਸਾਂ, ਪੰਡਿਤ ਵਿਸ਼ਵੇਸ਼ਰ, ਮੋਤੀ ਰਾਮ ਸਾਹਣੀ ਤੇ ਮੈਂ। ਧਰਮ ਪੁਸਤਕਾਂ ਪੜ੍ਹਨ ਦਾ ਸ਼ੋਕ ਸੀ, ਪਰ ਜਿਸ ਪੁਸਤਕ ਨੂੰ ਹੱਥ ਲਾਈਦਾ ਸੀ, ਸਮਝ ਘੱਟ ਆਉਂਦੀ ਸੀ। ਕਈ ਵਾਰੀ ਆਪੋ ਵਿਚ ਗੱਲ ਕਰਦੇ ਸਾਂ ਕਿ ਕਿਉਂ ਧਰਮ ਪੋਥੀਆਂ ਸਾਡੀ ਆਪਣੀ ਮਾਤ੍ਰੀ ਬੋਲੀ ਵਿਚ ਨਹੀਂ।

ਸੁਰਗਵਾਸੀ ਮਾਤਾ ਜੀ ਨਿੱਤ ਸਵੇਰ ਵੇਲੇ ਭਗਵਦ ਗੀਤਾ ਦਾ ਪਾਠ ਕਰਦੇ ਹੁੰਦੇ ਸਨ। ਮਾਤਾ ਜੀ ਨੇ ਪਿਛਲੀ ਅਵਸਥਾ ਵਿਚ ਹੀ ਹਿੰਦੀ ਪੜ੍ਹਨੀ ਸਿੱਖੀ ਸੀ। ਪਾਸ ਬੈਠ ਕੇ ਮੈਂ ਵੀ ਸੁਣਦਾ ਸਾਂ, ਪਰ ਫੇਰ ਵੀ ਗੀਤਾ ਦੇ ਗਯਾਨ ਦੀ ਸਮਝ ਨਹੀਂ ਸੀ ਆਉਂਦੀ। 'ਤੋਤਾ', 'ਬੱਕਰਾ', 'ਗਣਕਾ' ਆਦਿਕ ਦੀਆਂ ਕਹਾਣੀਆਂ ਵਾਲੇ ਗੀਤਾ ਦੇ ਮਹਾਤਮਾਂ ਨੂੰ ਸੁਣਨ ਵੱਲ ਮਨ ਦੀ ਰੁਚੀ ਰਹਿੰਦੀ ਸੀ। ਜੀਅ ਵਿਚ ਆਇਆ ਕਿ ਪੰਜਾਬੀ ਬੋਲੀ ਵਿਚ ਗੀਤਾ ਦਾ ਵਾਰਤਕ ਉਲਥਾ ਅਰੰਭ ਕਰਾਂ, ਪਰ ਬਾਲ ਬੁੱਧੀ ਸੀ, ਥੋੜਾ ਜਿਹਾ ਕਰਕੇ ਛੱਡ ਦਿੱਤਾ। 1917 ਵਿਚ ਮਾਤਾ ਜੀ ਚਲ ਬਸੇ, ਗੱਲ ਠੰਢੀ ਪੈ ਗਈ, ਗੀਤਾ ਦਾ ਉਲਥਾ ਵਿੱਚੇ ਹੀ ਰਹਿ ਗਿਆ।

ਕਈ ਵਰ੍ਹੇ ਬੀਤ ਗਏ, ਵਿਆਹ ਹੋਇਆ, ਘਰ ਪੁੱਤਰੀਆਂ ਹੋਈਆਂ, ਪੁੱਤਰੀਆਂ ਸਿਆਣੀਆਂ ਹੋਈਆਂ ਤੇ ਵਿਚਾਰ ਹੋਈ ਕਿ ਓਹ ਕੋਈ ਧਰਮ ਪੁਸਤਕ ਪੜ੍ਹਿਆ ਕਰਣ, ਪਰ ਓਹੀ ਪਹਿਲੇ ਵਾਲਾ ਸਵਾਲ ਸਾਹਮਣੇ ਆਇਆ ਕਿ ਧਰਮ ਗਰੰਥ ਸਮਝ ਵਿਚ ਕਿਸ ਤਰ੍ਹਾਂ ਆਉਣ। ਬਚਪਨ ਦੀ ਗੱਲ ਫੇਰ ਚੇਤੇ ਆਈ, ਤੇ ਸਪੁੱਤ੍ਰੀ ਸਾਵਿੱਤ੍ਰੀ ਦੀ ਸਹਾਇਤਾ ਨਾਲ ਭਗਵਦ ਗੀਤਾ ਦਾ ਪੰਜਾਬੀ ਕਵਿਤਾ ਵਿਚ ਉਲਥਾ ਕਰਨਾ ਅਰੰਭ ਕਰ ਦਿੱਤਾ।

ਜਦ ਪਿਤਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਓਹਨਾਂ ਨੇ ਘੜੀ ਮੁੜੀ ਉਤਸ਼ਾਹ ਦੇ ਕੇ ਇਸ ਕੰਮ ਦੇ ਜੋਸ਼ ਨੂੰ ਠੰਡਾ ਨਾ ਪੈਣ ਦਿੱਤਾ।

ਫੇਰ ਇੱਕ ਐਸੀ ਘਟਨਾ ਹੋਈ, ਜਿਸ ਨੇ ਹੋਰ ਪ੍ਰੇਰਿਆ ਕਿ ਕੰਮ ਨੂੰ ਛੇਤੀ ਸਿਰੇ ਚਾੜ੍ਹਿਆ ਜਾਏ। ਮਿੱਤਰ ਲਾਲਾ ਮੋਤੀ ਰਾਮ ਸਾਹਣੀ ਕਾਲ ਵੱਸ ਹੋ ਗਏ, ਦਿਲ ਨੂੰ ਇੱਕ ਠੋਕਰ ਲੱਗੀ।

ਪੁੱਤਰੀ ਸਾਵਿੱਤ੍ਰੀ ਦੀ ਮੇਹਨਤ ਤੇ ਉਤਸ਼ਾਹ ਨਾਲ ਭਗਵਦ ਗੀਤਾ ਦਾ ਕਰਮ-ਯੋਗ ਤਯਾਰ ਕਰਕੇ ਛਪਵਾ ਦਿੱਤੀ।

ਗੀਤਾ ਦਾ ਕਰਮ ਕਾਂਡ ਪਹਿਲੇ ਤੋਂ ਛੇਵੇਂ ਅਧਿਆਇ ਤਕ ਹੈ, ਨਿੱਤਨੇਮ ਕਰਨ ਲਈ ਇਸ ਤੋਂ ਉੱਤਮ ਤੇ ਸਰਲ ਹਿੰਦੂ ਸ਼ਾਸਤ੍ਰਾਂ ਵਿਚ ਸ਼ਾਇਦ ਹੀ ਕੋਈ ਪਾਠ ਹੋਵੇ। ਸਾਰਾ ਪਾਠ ਪ੍ਰੇਮ ਨਾਲ ਕੀਤਿਆਂ ਇਕ ਘੰਟੇ ਵਿਚ ਮੁਕ ਜਾਂਦਾ ਹੈ।

ਬਚਪਨ ਦੀ ਆਸ ਪੂਰੀ ਹੋਈ, ਭਗਵਦ ਗੀਤਾ ਸਰਲ ਰੂਪ ਵਿਚ ਆਪਣੀ ਮਿੱਠੀ ਬੋਲੀ ਵਿਚ ਪ੍ਰਮਾਤਮਾ ਦੀ ਕ੍ਰਿਪਾ ਨਾਲ ਰੋਜ਼ ਪਾਠ ਕਰਨ ਲਈ ਸਭ ਪੰਜਾਬੀ ਭੈਣਾਂ-ਵੀਰਾਂ ਦੀ ਸੇਵਾ ਵਿਚ ਰੱਖੀ ਜਾਂਦੀ ਹੈ।

ਆਸ਼ਾ ਹੈ ਕਿ ਪੰਜਾਬੀ ਭੈਣ-ਭਾਈ ਇਸ ਦਾ ਨਿੱਤ ਪਾਠ ਕੀਤਾ ਕਰਣਗੇ।

*ਲਾਹੌਰ 1, ਮਾਰਚ 1935* **ਰਾਮ ਸਰਨ**

# ਪ੍ਰਸੰਗਵੰਸ਼

ਇਸ ਭਗਵਦ ਗੀਤਾ ਦੇ ਸਾਰੇ ਅਧਿਆਵਾਂ ਦਾ ਗੁਰਮੁਖੀ ਅਨੁਵਾਦ ਪੰਡਿਤ ਰਾਮ ਸਰਨ ਦਾਸ ਦੁਆਰਾ ਦੇਵਨਾਗਰੀ ਲਿਪੀ ਵਿੱਚ ਵੀ ਕੀਤਾ ਗਿਆ ਹੈ। ਇਹ ਆਜਾਦੀ ਤੋਂ ਪਹਿਲਾਂ ਦਾ ਹੈ, ਇਹ ਐਡੀਸ਼ਨ ਡਾ. ਨੀਰਾ ਸ਼ਰਮਾ ਅਤੇ ਡਾ. ਵਿਭਾ ਸ਼ਰਮਾ ਦੇ ਅਥੱਕ ਯਤਨਾਂ ਅਤੇ ਸਹਿਯੋਗ ਨਾਲ ਸੰਭਵ ਹੋਇਆ ਹੈ। ਆਸ ਹੈ ਪਾਠਕ ਇਸ ਅਨਮੋਲ ਰਚਨਾ ਦਾ ਭਰਪੂਰ ਲਾਭ ਉਠਾ ਸਕਣਗੇ। ਗੀਤਾ ਅਨੁਸਾਰ ਉਹ ਕਰਮ ਜੋ ਲੋਕ ਨਿਰਸਵਾਰਥ ਭਗਤੀ ਨਾਲ ਪ੍ਰਮਾਤਮਾ ਲਈ ਕੀਤੇ ਜਾਉਂਦੇ ਹਨ ਉਹ ਬੰਧਨ ਨਹੀਂ ਬਣਾਦੇ ਅਤੇ ਅਜਿਹੇ ਕਰਮ ਮੁਕਤੀ ਦੀ ਪਰਮ ਅਵਸਥਾ ਦੀ ਪ੍ਰਾਪਤੀ ਵੱਲ ਲੈ ਜਾਨ ਵਿਚ ਮਦਦਗਾਰ ਹੋਦੇ ਹਨ। ਇਸ ਤਰ੍ਹਾਂ, ਨਤੀਜੇ ਦੀ ਇੱਛਾ ਕੀਤੇ ਬਿਨਾ ਪ੍ਰਮਾਤਮਾ ਲਈ ਕੰਮ ਕਰਨਾ ਅਸਲ ਵਿਚ ਕਰਮ ਯੋਗ ਹੈ। ਭਾਰਤੀਯ ਦਰਸ਼ਨ ਵਿਚ ਕਰਮ ਬੰਧਨ ਦਾ ਕਾਰਨ ਮੰਨਿਆ ਜਉਂਦਾ ਹੈ। ਪਰ ਕਰਮਯੋਗ ਵਿੱਚ ਕਰਮ ਦਾ ਉਹ ਰੂਪ ਦੱਸਿਆ ਗਿਆ ਹੈ ਜੋ ਬੰਧਨ ਵਿਚ ਬੱਝਿਆ ਹੋਇਆ ਨਹੀਂ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਹੜੇ ਕਰਮ ਬੰਧਨ ਪੈਦਾ ਕਰਦੇ ਹਨ ਅਤੇ ਕਿਹੜੇ ਨਹੀਂ। ਗੀਤਾ ਦੇ ਅਨੁਸਾਰ ਜੋ ਕਰਮ ਨਿਰਸੁਆਰਥ ਭਾਵਨਾ ਨਾਲ ਪ੍ਰਮਾਤਮਾ ਲਈ ਕੀਤੇ ਜਾਉਂਦੇ ਹਨ, ਉਹ ਬੰਧਨ ਨਹੀਂ ਬਣਾਦੇ ਅਤੇ ਇਹ ਮੁਕਤੀ ਤੇ ਮੋਕਸ਼ ਦੀ ਪ੍ਰਾਪਤੀ ਵਿਚ ਮਦਦਗਾਰ ਹਨ। ਕਰਮਾਂ ਦਾ ਤਿਆਗ ਨਾਲੋ ਕਰਮਯੋਗ ਵੱਧ ਮਹੱਤਵਪੂਰਨ ਹੈ। ਮਨੁੱਖ ਕਰਮ ਕੀਤੇ ਬਿਨਾਂ ਇੱਕ ਪਲ ਵੀ ਨਹੀਂ ਰਹਿੰਦਾ। ਮਨੁੱਖ ਲਈ ਕਰਮ ਕਰਨਾ ਜਰੂਰੀ ਹੈ, ਇਸ ਦੇ ਬਗੈਰ ਸਰੀਰ ਦਾ ਨਿਰਵਾਹ ਵੀ ਨਹੀਂ ਹੈ। ਭਗਵਾਨ ਕ੍ਰਿਸ਼ਨ ਦੇ ਅਨੁਸਾਰ ਤਿੰਨ੍ਹਾਂ ਲੋਕਾਂ ਵਿੱਚ ਉਸ ਦਾ ਕੋਈ ਵੀ ਕਰਤੱਵ ਨਹੀਂ ਰਹ ਜਾਉਂਦਾ। ਉਨ੍ਹਾਂ ਕੋਈ ਵੀ ਅਪ੍ਰਾਪਤ ਵਸਤੂ ਲੈਣ ਦੀ ਲੋੜ ਨਹੀਂ ਹੈ। ਫਿਰ ਵੀ ਉਹ ਕਰਮ ਵਿਚ ਲੱਗੇ ਰਹਿੰਦੇ ਹਨ। ਜੇ ਉਹ ਕੰਮ ਨਹੀਂ ਕਰਦੇ, ਤਾਂ ਮਨੁੱਖ ਵੀ ਉਸ ਮਾਰਗ ਦੀ ਪਾਲਣਾ ਕਰਕੇ ਅਯੋਗ ਹੋ ਜਾਵਣ ਗੇ। ਜਿਸ ਤਰ੍ਹਾਂ ਇੱਕ ਅਗਿਆਨੀ ਮਨੁੱਖ ਨਤੀਜੇ ਪ੍ਰਾਪਤ ਕਰਨ ਦੀ ਇੱਛਾ ਨਾਲ ਕੰਮ ਕਰਦਾ ਹੈ ਇਸੇ ਤਰ੍ਹਾਂ ਆਤਮਗਿਆਨੀ ਮਨੁੱਖ ਲੋਕ-ਸੰਗਹ ਲਈ ਮੋਹ ਰਹਿਤ ਕੰਮ ਕਰਨਾ ਚਾਹੀਦਾ ਹੈ, ਇਸ ਤਰੀਕੇ ਨਾਲ ਗੀਤਾ ਅਨੁਸਾਰ ਕੇਵਲ ਇੱਕ ਆਤਮਗਿਆਨੀ ਮਨੁੱਖ ਹੀ ਸੱਚਾ ਕਰਮਯੋਗੀ ਹੋ ਸਕਦਾ ਹੈ।

# **ਪੰਡਿਤ ਰਾਮ ਸਰਨ** – *(1 ਮਾਰਚ 1895 –12 ਸਤੰਬਰ 1946)* ਪ੍ਰਸਿੱਧ ਕਵੀ ਅਤੇ ਲੇਖਕ

ਪੰਡਿਤ ਰਾਮ ਸਰਨ, ਪੁੱਤਰ ਸ੍ਰੀ ਮੋਹਨ ਲਾਲ ਜੀ ਦਾ ਜਨਮ 1 ਮਾਰਚ 1895 ਵਿਚ ਹੋਇਆ। ਪੰਡਿਤ ਰਾਮ ਸਰਨ ਐਡਵੋਕੇਟ/ਪੰਡਿਤ ਰਾਮ ਸਰਨ ਦਾਸ ਲਾਹੌਰ ਦੇ ਕਾਨੂੰਨੀ ਅਤੇ ਸਾਹਿਤਕ ਹਲਕਿਆਂ ਵਿਚ ਇਕ ਪ੍ਰਮੁੱਖ ਹਸਤੀ ਸੀ। ਮੌਲਾ ਬਖ਼ਸ਼ ਕੁੱਸ਼ਤਾ ਦੀ ਪੁਸਤਕ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਦੇ ਅਨੁਸਾਰ ਪੰਡਿਤ ਰਾਮ ਸਰਨ ਜੀ ਨੇ ਵਾਰੀਸ਼ ਸ਼ਾਹ ਦੀ 'ਹੀਰ' ਪੜ੍ਹ ਕੇ 1918 ਵਿਚ ਉਰਦੂ ਅਤੇ ਹਿੰਦੀ ਵਿਚ ਕਵਿਤਾਵਾਂ ਲਿਖਣੀਆ ਸ਼ੁਰੂ ਕਰ ਦਿੱਤੀਆਂ ਸਨ। ਬਾਅਦ ਵਿਚ ਉਨ੍ਹਾਂ ਆਪਣੀ ਰੁਚੀ ਆਪਣੀ ਮਾਂ ਬੋਲੀ ਪੰਜਾਬੀ ਵਿੰਚ ਲਿਖਣ ਵੱਲ ਮੋੜ ਲਈ। ਉਨ੍ਹਾਂ ਦੀ ਮੌਤ 12 ਮਤੰਬਰ 1946, ਲਾਹੌਰ ਵਿਚ ਦਿਲ ਦੇ ਦੌਰੇ ਨਾਲ ਹੋਈ। ਅੰਮ੍ਰਿਤਸਰ ਵਿਚ ਪੰਜਾਬੀ ਪ੍ਰਚਾਰ ਘਟਦਾ ਵੇਖ ਪੰਡਿਤ ਜੀ ਨੇ ਲਾਹੌਰ ਵਿਚ ਬੀੜਾ ਚੁੱਕਿਆ ਅਤੇ ਇਕ ਸਭਾ ਕਾਇਮ ਕੀਤੀ। ਪੰਡਿਤ ਜੀ ਲਾਹੌਰ ਦੀ ਪੰਜਾਬੀ ਸਭਾ (1938) ਦੇ ਉਪ-ਪ੍ਰਧਾਨ ਵੀ ਸਨ।

ਪੰਡਿਤ ਰਾਮ ਸਰਨ ਜੀ ਰੇਡੀਓ ਦੇ ਕਵੀ-ਦਰਬਾਰਾਂ ਵਿਚ ਵੀ ਭਾਗ ਲੈਂਦੇ ਸਨ। ਇਹ ਮੈਨੂੰ 7 ਜੂਨ 1944 ਦੇ 'ਦੀ ਇੰਡਿਯਨ ਲਿਸਨਰ' ਦੇ ਵਿਚ ਛਪੇ 24 ਜੂਨ 1944 ਦੇ ਲਾਹੌਰ ਦੇ ਪ੍ਰੋਗ੍ਰਾਮ ਤੋ ਪਤਾ ਚਲਿਆ।

*ਪੰਡਿਤ ਰਾਮ ਸਰਨ ਜੀ ਦੀਆਂ ਕੁਝ ਸਾਹਿਤਕ ਰਚਨਾਵਾਂ ਹੇਠਾਂ ਦਿੱਤੀਆਂ ਗਈਆਂ ਹਨ।*

1. **ਸ਼੍ਰੀਮਦ ਭਗਵਦ ਗੀਤਾ** (1935) ਪੰਡਿਤ ਰਾਮ ਸਰਨ ਜੀ ਨੇ *ਸ਼੍ਰੀਮਦ ਭਗਵਦ ਗੀਤਾ* ਦਾ ਪੰਜਾਬੀ (ਕਵਿਤਾ) ਵਿਚ ਅਨੁਵਾਦ ਕੀਤਾ। ਇਹ ਅਨੁਵਾਦ ਦੇਵੇਨਾਗਰੀ ਅਤੇ ਗੁਰਮੁਖੀ (6 ਅਧਿਆਏ ਤਕ) ਲਿਪੀਆਂ ਦੋਵਾਂ ਵਿਚ ਹੈ। ਸ਼੍ਰੀਮਦ ਭਗਵਦ ਗੀਤਾ ਦਾ ਪੰਜਾਬੀ ਅਨੁਵਾਦ ਗੁਰਮੁਖੀ ਲਿਪੀ ਵਿਚ ਛਵੇਂ ਅਧਿਆਏ ਤਕ ਹੈ ਜੋ ਮੈਨੂੰ ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ ਤੋਂ ਪ੍ਰਾਪਤ ਹੋਇਆ।
2. **'ਪੰਜਾਬ ਦੇ ਗੀਤ'** (1931) — ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਕੀਤਾ ਹੈ। ਪੰਡਿਤ ਜੀ ਨੇ ਪੰਜਾਬੀ ਲੋਕ ਗੀਤਾਂ ਦਾ ਸੰਗ੍ਰਹਿ *'ਪੰਜਾਬ ਦੇ ਗੀਤ'* (1931) ਲਾਹੌਰ ਵਿਚ ਸ਼ਾਹਮੁਖੀ ਅਤੇ ਗੁਰਮੁਖੀ ਵਿਚ ਪ੍ਰਕਾਸ਼ਿਤ ਕੀਤਾ। ਇਹ ਸੰਕਲਨ ਪੰਜਾਬੀ ਸਾਹਿਤ ਵਿਚ ਲੋਕ ਗੀਤਾਂ ਦੀ ਪਹਿਲੀ ਰਚਨਾਵਾਂ ਵਿਚੋਂ ਹੈ। ਪੰਜਾਬੀ ਸਾਹਿਤ ਦੀਆਂ ਮੁੱਖ ਕਿਤਾਬਾਂ ਵਿਚ ਇਸਦਾ ਜ਼ਿਕਰ ਹੈ। ਕੁਝ ਉਦਾਹਰਣ—

- ਡਾ. ਕਰਨੈਲ ਸਿੰਘ ਥਿੰਦ ਦੀ ਪੁਸਤਕ *'ਪੰਜਾਬ ਦਾ ਲੋਕ ਵਿਰਸਾ'* ਭਾਗ -1 ਦੇ ਪੰਨਾ 94 ਤੇ ਕੀਤਾ ਗਿਆ ਹੈ।
- ਮੌਲਾ ਬਖ਼ਸ਼ ਕੁੱਸ਼ਤਾ ਦੀ ਪੁਸਤਕ *'ਪੰਜਾਬ ਦੇ ਹੀਰੇ'* ਦੇ ਪੰਨਾ 24 ਤੇ ਹੈ ।
- ਮੌਲਾ ਬਖ਼ਸ਼ ਕੁੱਸ਼ਤਾ ਦੀ ਪੁਸਤਕ *'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ'* ਦੇ ਪੰਨਾ 486 ਤੇ ਹੈ।
- *'ਆਲੋਚਨਾ'* ਰਸਾਲੇ ਦੇ ਪਹਿਲੇ ਅੰਕ ਜੂਨ 1955 ਦੇ ਪੰਨਾ 96 ਤੇ ਹੈ।
- 'ਸੁਖਦੇਵ ਮਾਧਪੁਰੀ ਦੀ ਪੁਸਤਕ *'ਪੰਜਾਬੀ ਸਭਿਆਚਾਰ ਦੀ ਆਰਸੀ: ਸੋਮੇ ਤੇ ਪਰੰਪਰਾ'* ਦੇ ਪੰਨਾ 68 ਤੇ ਹੈ।
- *'ਪੰਜਾਬੀਪੀਡੀਆ'*— ਸਾਹਿਤਕ ਗੀਤ ਵੈਬਪੇਜ ਤੇ ਟਿੱਪਣੀ ਹੈ।

3. ***'ਵੈਦਿਕ ਸੰਧਿਆ'***— ਪੰਡਿਤ ਰਾਮ ਸਰਨ ਜੀ ਨੇ ਸਰਲ ਹਿੰਦੀ (ਕਵਿਤਾ) ਵਿੰਚ ਵੈਦਿਕ ਸੰਧਿਆ ਦਾ ਅਨੁਵਾਦ ਕੀਤਾ ।

4. **'ਸ਼ਾਰਾ ਬੈਂਤ ਸ਼ਾਹ ਮੁਹੰਮਦ— ਇੱਕ ਸ਼ੋਧ'** ਪ੍ਰਕਾਸ਼ਨ ਦੀ ਲੋਕਾਂ ਦੁਆਰਾ ਸ਼ਲਾਘਾ ਕੀਤੀ ਗਈ।

5. **'ਸਪਤ ਪਦੀ'**— ਪੰਡਿਤ ਰਾਮ ਸਰਨ ਜੀ ਨੇ ਸਰਲ ਹਿੰਦੀ (ਕਵਿਤਾ) ਵਿਚ 'ਸਪਤ ਪਦੀ' ਦਾ ਅਨੁਵਾਦ ਕੀਤਾ।

6. ਪੰਡਿਤ ਜੀ ਦੀਆਂ ਕਈ ਕਵਿਤਾਵਾਂ ਪੰਜਾਬੀ ਦੇ **'ਪ੍ਰੀਤਲੜੀ'** ਅਤੇ **'ਫੁਲਵਾੜੀ'** ਰਸਾਲਿਆਂ ਵਿਚ ਛਪੀਆਂ ਸਨ ਉਨ੍ਹਾਂ ਵਿਚੋਂ ਕੁਝ ਜੋ ਮੈਨੂੰ ਮਿਲੀਆਂ : *'ਕੁਰਬਾਨੀ ਦਾ ਆਖਰੀ ਦਿਨ'* ਅਤੇ *'ਹੱਕ ਨੂੰ ਖ਼ਲਕਤ ਭੁੱਲ ਗਈ ਏ'*।

**ਕੁਝ ਸੰਸਮਰਣ : ਕਵੀ ਪੰਡਿਤ ਰਾਮ ਸਰਨ**

ਅਜੇ ਕੁਝ ਸਮੇਂ ਪਹਿਲਾਂ ਹੀ ਮੇਰਾ ਸੰਪਰਕ ਸ਼੍ਰੀ ਸਭਾਸ ਸ਼ਰਮਾ ਜੀ ਨਾਲ ਹੋਇਆ ਜੋ ਪੰਡਿਤ ਬਰਕਤ ਰਾਮ 'ਯੁਮਨ' ਜੀ ਦੇ ਪੋਤਰੇ ਹਨ ਅਤੇ ਨਵੀਂ ਦਿੱਲੀ ਵਿਚ ਰਹਿੰਦੇ ਹਨ। ਉਨ੍ਹਾਂ ਨੇ ਜੋ ਹੋਰ ਯਾਦਾਂ ਸਾਂਝੀਆਂ ਕੀਤੀਆਂ ਉਹ ਹੇਠ ਲਿਖੀਆਂ ਹਨ :

ਪੰਜਾਬੀ ਕਵੀ, ਉਸਤਾਦ ਸ਼ਾਇਰ ਸ਼੍ਰੀ ਬਰਕਤ ਰਾਮ 'ਯੁਮਨ' ਜੀ ਦੇ ਪੋਤਰੇ ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਉਨ੍ਹਾਂ ਦੇ ਦਾਦਾ ਜੀ ਦੇ ਕਵਿ ਗੁਰੂ ਸਨ। ਦੋਵਾਂ ਵਿਚ ਬਹੁਤ ਸਨੇਹ ਸੀ ਇਹ ਦੋਵੇਂ ਅਤੇ ਨਾਲ ਦੂਸਰੇ ਕਵੀ ਸਾਥੀ ਆਜ਼ਾਦੀ ਲਈ ਅੰਗਰੇਜ਼ਾਂ ਦੇ ਖ਼ਿਲਾਫ ਕਵਿਤਾਵਾਂ ਪੜਦੇ ਸਨ।

ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਇਹ ਵੀ ਦੱਸਿਆ ਕਿ ਜਿਸ ਦਿਨ ਪੰਡਿਤ ਜੀ ਦੀ ਮੌਤ ਹੋਈ ਸੀ ਉਸ ਦਿਨ ਪੰਡਿਤ ਬਰਕਤ ਰਾਮ ਯੁਮਨ ਜੀ ਉਨ੍ਹਾਂ ਕੋਲ ਹੀ ਸਨ। ਉਸ ਦਿਨ ਬਹੁਤ ਤੇਜ਼ ਬਾਰਿਸ਼ ਹੋ ਰਹੀ ਸੀ ਅਤੇ ਉਨ੍ਹਾਂ ਦਾ ਅੰਤਮ ਸੰਸਕਾਰ ਕਰਨ ਵਿਚ ਬਹੁਤ ਔਖ ਹੋਈ ਸੀ।

ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਆਪਣੀ ਭੂਆ ਜੀ ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨਾਲ ਪੰਡਿਤ ਜੀ ਬਾਰੇ ਗੱਲ ਕੀਤੀ ਸੀ। ਸ਼੍ਰੀਮਤੀ ਪ੍ਰਕਾਸ਼ਵਤੀ ਬਟਾਲਾ ਸ਼ਹਿਰ ਵਿਚ ਰਹਿਣ ਵਾਲੀ ਇਕ 90 ਸਾਲਾ ਮਹਿਲਾ ਹਨ। ਉਹ 1947 ਵਿਚ 16 ਸਾਲ ਦੇ ਸਨ। ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨੇ, ਸ਼੍ਰੀ ਸੁਭਾਸ਼ ਸ਼ਰਮਾ ਜੀ ਨੂੰ ਦੱਸਿਆ ਕਿ ਉਨ੍ਹਾਂ ਨੇ ਪੰਡਿਤ ਜੀ ਨੂੰ ਲਾਹੌਰ ਦੇ ਗਵਾਲ ਮੰਡੀ ਮੌਹੱਲੇ ਦੀ ਇਤਿਹਾਸਕ ਇਮਾਰਤ 'ਅੰਮ੍ਰਿਤਧਾਰਾ' ਦੇ ਹਾਲ ਵਿਚ ਆਯੋਜਿਤ ਕਵੀ ਦਰਬਾਰਾਂ ਵਿਚ ਕਈ ਵਾਰ ਵੇਖਿਆ ਸੀ। ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨੇ ਅੱਗੇ ਦੱਸਿਆ ਕਿ ਉਹ ਇਕ ਬਹਤ ਵਡੇ ਵਿਦਵਾਨ ਅਤੇ ਦੇਸ਼ਭਗਤ ਸਨ। ਉਹ ਗੋਰੇ ਰੰਗ ਦੇ ਸਨ ਅਤੇ ਚਸ਼ਮਾ ਲਾਉਂਦੇ ਸਨ। ਉਹ ਸਿਲਕ ਦਾ ਕੁੜਤਾ ਅਤੇ ਹਿੰਦੂ ਵਿਦਵਾਨਾਂ ਵਾਂਗ ਧੋਤੀ ਲਾਉਂਦੇ ਸਨ।

**ਡਾ. ਵਿਭਾ ਸ਼ਰਮਾ**
*ਸਹਾਇਕ ਪ੍ਰੋਫੈਸਰ*
*ਸੈਕਟਰ 36, ਚੰਡੀਗੜ੍ਹ*
*ਈ ਮੇਲ– vibhasharma9@gmail.com*

# ਪੰਡਿਤ ਰਾਮ ਸਰਨ : ਜਾਣ-ਪਛਾਣ

ਪੰਡਿਤ ਰਾਮ ਸਰਨ ਦਾਸ ਜੀ ਲਾਹੌਰ ਵਿਚ ਰਹਿਣ ਵਾਲੇ ਪ੍ਰਸਿੱਧ ਵਕੀਲ ਸਨ। ਆਜ਼ਾਦੀ ਸੰਘਰਸ਼ ਦੌਰਾਨ ਉਹ ਕ੍ਰਾਂਤੀਕਾਰੀਆਂ ਦੇ ਵਕੀਲ ਰਹੇ ਅਤੇ ਦੇਸ਼ ਭਗਤੀ ਨਾਲ ਸੰਬਧਿਤ ਕਵਿਤਾਵਾਂ ਲਿਖੀਆਂ। ਪੰਡਿਤ ਜੀ ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਹੀ ਏਸ ਦੁਨੀਆ ਨੂੰ ਅਲਵਿਦਾ ਕਹਿ ਗਏ। ਪੰਡਿਤ ਰਾਮ ਸਰਨ ਜੀ ਸਾਡੇ ਨਾਨਾ ਜੀ ਸਨ। ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ—

**ਪਰਿਵਾਰ** –

ਪੰਡਿਤ ਜੀ ਦੇ ਪੂਰਵਜ ਕਸ਼ਮੀਰੀ ਪੰਡਿਤ ਸਨ ਅਤੇ ਕਸ਼ਮੀਰ ਵਿਚ ਲੱਕੜ ਦਾ ਵਪਾਰ ਕਰਦੇ ਸਨ। ਮੁਗਲਾਂ ਦੇ ਰਾਜ ਦੌਰਾਨ, ਉਨ੍ਹਾਂ ਦਾ ਪਰਿਵਾਰ ਗੁਰੂਆਂ ਦੀ ਸੰਗਤ ਵਿਚ ਕਸ਼ਮੀਰ ਤੋਂ ਬਾਬਾ ਬਕਾਲਾ ਆਇਆ ਸੀ। ਉਥੋਂ ਪਰਿਵਾਰ ਦੇ ਮੈਂਬਰ ਲਾਹੌਰ ਅਤੇ ਅੰਮ੍ਰਿਤਸਰ ਵਿਚ ਵਸ ਗਏ। ਪੰਡਿਤ ਜੀ ਦੇ ਛੋਟੇ ਭਰਾ, ਸਵਰਗੀ ਸ਼੍ਰੀ ਬਿਸ਼ਨ ਦਾਸ ਸ਼ਰਮਾ ਜੀ ਜਲੰਧਰ ਵਿਚ ਰਹਿੰਦੇ ਸਨ ਅਤੇ ਉੱਥੋਂ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਸਨ।

ਪੰਡਿਤ ਰਾਮ ਸਰਨ, ਪੁੱਤਰ ਸ੍ਰੀ ਮੋਹਨ ਲਾਲ ਜੀ ਦਾ ਜਨਮ 1 ਮਾਰਚ 1895 ਵਿਚ ਹੋਇਆ। ਉਨ੍ਹਾਂ ਦੀ ਮੌਤ 12 ਮਤੰਬਰ 1946, ਲਾਹੌਰ ਵਿਚ ਦਿਲ ਦਾ ਦੌਰਾ ਪੈਣ ਨਾਲ ਹੋਈ। ਪੰਡਿਤ ਜੀ ਦੇ ਦੋ ਪੁੱਤਰ (ਵੇਦ ਪ੍ਰਕਾਸ਼ ਅਤੇ ਓਮ ਪ੍ਰਕਾਸ਼) ਅਤੇ ਚਾਰ ਧੀਆਂ (ਸਾਵਿਤਰੀ ਦੇਵੀ, ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ) ਸਨ, ਜੋ ਹੁਣ ਇਸ ਸੰਸਾਰ ਵਿਚ ਨਹੀਂ ਹਨ। ਉਨ੍ਹਾਂ ਦਾ ਪੁੱਤਰ ਵੇਦ ਪ੍ਰਕਾਸ਼ ਭਾਰਤੀ ਫੌਜ ਦੇ ਤੋਪਖਾਨੇ ਵਿਚ.ਕਮ ਕਰਦੇ ਸੀ ਅਤੇ ਓਮ ਪ੍ਰਕਾਸ਼ ਦਿੱਲੀ ਦੇ ਨੀਜੀ ਖੇਤਰ ਵਿਚ ਕੰਮ ਕਰਦੇ ਸੀ। ਧੀਆਂ ਵਿਚੋਂ ਸਾਵਿਤਰੀ ਦੇਵੀ ਅੰਮ੍ਰਿਤਸਰ ਅਤੇ ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ ਚੰਡੀਗੜ੍ਹ ਵਿਚ ਰਹਿੰਦੀਆਂ ਸਨ।

ਪੰਡਿਤ ਰਾਮ ਸਰਨ ਦਾਸ ਜੀ ਦੇ ਪਰਿਵਾਰ ਵਿਚ ਹੁਣ ਪੋਤੇ-ਪੋਤੀਆਂ, ਦੋਹਤੇ ਅਤੇ ਦੋਹਤੀਆਂ ਹਨ। ਅਸੀ ਵਿਭਾ ਸ਼ਰਮਾ (ਮਰਹੂਮ ਸਵਰਾਜ ਦੀ ਧੀ) ਅਤੇ ਨੀਰਾ ਸ਼ਰਮਾ (ਮਰਹੂਮ ਕ੍ਰਿਸ਼ਨਾ ਦੀ ਧੀ) ਉਨ੍ਹਾਂ ਦੀਆਂ ਦੋਹਤੀਆਂ ਹਾਂ । ਅਸੀ ਸੋਚਿਆ ਸੀ ਕਿ ਉਨ੍ਹਾਂ ਦਾ ਇਹ ਅਨੁਵਾਦ ਦੁਬਾਰਾ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਅਤੇ ਪ੍ਰਸਿੱਧ ਰਚਨਾ ਨੂੰ ਪੜ੍ਹਨ ਦਾ ਮੌਕਾ ਮਿਲੇ। ਪੰਡਿਤ ਜੀ ਦੀ ਗੀਤਾ ਦੇ ਇਸ ਦੁਰਲੱਭ ਅਨੁਵਾਦ ਦੀ ਇੱਕ ਕਾਪੀ ਉਨ੍ਹਾਂ ਦੀ ਬੇਟੀ ਸ਼੍ਰੀਮਤੀ ਕ੍ਰਿਸ਼ਨਾ ਕੋਲ ਉਪਲਬਧ ਸੀ ਜੋ ਹੁਣ ਉਨ੍ਹਾਂ ਦੀ ਬੇਟੀ ਨੀਰਾ ਸ਼ਰਮਾ ਕੋਲ ਹੈ।

## ਪੰਡਿਤ ਰਾਮ ਸਰਨ— ਇਕ ਪ੍ਰਸਿੱਧ ਵਕੀਲ

ਪੰਡਿਤ ਜੀ ਨੇ ਆਪਣੀ ਕਾਨੂੰਨ ਦੀ ਡਿਗਰੀ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਉਥੋਂ ਦੇ ਹਾਈ ਕੋਰਟ ਵਿਚ ਹੀ ਵਕਾਲਤ ਕੀਤੀ। ਉਨ੍ਹਾਂ ਦੀ ਹਵੇਲੀ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਸੀ। ਅਸੀ ਸੁਣਿਆ ਹੈ ਕਿ ਉਨ੍ਹਾਂ ਨੇ ਕੁਝ ਵਕੀਲਾਂ ਅਤੇ ਹੋਰਾਂ ਨਾਲ ਮਿਲ ਕੇ 'ਗੈਂਤੀ ਫੌਜ' ਬਣਾਈ, ਜਿਸ ਨੇ ਗੁਪਤ ਰੂਪ ਨਾਲ ਆਜ਼ਾਦੀ ਸੰਗਰਾਮ ਵਿਚ ਹਿੱਸਾ ਲਿਆ। ਪੰਡਿਤ ਰਾਮ ਸਰਨ ਦਾਸ ਜੀ 'ਲਾਹੌਰ ਕਾਂਸਪੀਰੇਸੀ ਕੇਸ' ਵਿਚ ਵਕੀਲ ਸਨ। ਇਸਦਾ ਜ਼ਿਕਰ ਪ੍ਰਸਿੱਧ ਪੰਜਾਬੀ ਨਵਾਲਕਾਰ ਨਾਨਕ ਸਿੰਘ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਪੰਨਾ 212 ਤੇ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ "ਦੋਸ਼ੀਆਂ ਦੇ ਮੁੱਖ ਵਕੀਲ ਪੰਡਿਤ ਰਾਮ ਸਰਨ ਦਾਸ ਨੇ ਸਰ ਅਲੀ ਇਮਾਮ, ਇੱਕ ਕਾਨੂੰਨੀ ਮੈਂਬਰ ਨਾਲ ਮੁਲਾਕਾਤ ਕੀਤੀ ਅਤੇ ਉਸਨੂੰ ਕਾਨੂੰਨੀ ਪੱਖ ਤੋਂ ਯਕੀਨ ਦਿਵਾਇਆ ਕਿ ਫਾਂਸੀ ਦੇਣ ਵਾਲੇ ਜੱਜਾਂ ਨੇ ਸੱਚਮੁੱਚ ਪੱਖਪਾਤ ਅਤੇ ਕੱਟੜਤਾ ਨਾਲ ਕੰਮ ਕੀਤਾ। ਅੰਤ ਵਿਚ, ਵਾਇਸਰਾਏ ਇਸ ਮੁਕੱਦਮੇ ਤੇ ਮੁੜ ਵਿਚਾਰ ਕਰਨ ਲਈ ਸਹਿਮਤ ਹੋਏ ਅਤੇ ਕਿਹਾ ਕਿ ਜਦੋਂ ਤਕ ਜਾਂਚ ਪੂਰੀ ਨਹੀ ਹੁੰਦੀ, ਦੋਸ਼ੀਆਂ ਨੂੰ ਫਾਂਸੀ ਨਹੀ ਦਿੱਤੀ ਜਾਣੀ ਚਾਹੀਦੀ।"

ਪੰਡਿਤ ਜੀ ਦੀ ਵੱਡੀ ਧੀ ਮਰਹੂਮ ਸਾਵਿਤਰੀ ਦੇਵੀ ਦੀ ਧੀ ਵੀਨਾ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਸ਼ਹੀਦ ਭਗਤ ਸਿੰਘ ਕੇਸ ਵਿਚ ਵੀ ਵਕੀਲ ਸਨ। ਉਨ੍ਹਾਂ ਦੀ ਮਾਂ ਲਾਹੌਰ ਵਿਚ ਪੰਡਿਤ ਜੀ ਦੇ ਘਰ ਆਉਂਦੀ ਸੀ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਪਹਿਲਾਂ, ਪੰਡਿਤ ਜੀ ਸ਼ਹੀਦ ਭਗਤ ਸਿੰਘ ਜੀ ਨੂੰ ਮਿਲਨ ਲਈ ਉਨ੍ਹਾਂ ਦੀ ਮਾਂ (ਸਾਵਿਤਰੀ ਦੇਵੀ) ਨੂੰ ਜੇਲ੍ਹ ਲੈ ਗਏ ਸਨ। ਉਸ ਸਮੇਂ ਉਹ (ਸਾਵਿਤਰੀ ਦੇਵੀ) ਬਹਤੁ ਛੋਟੀ ਸੀ ਅਤੇ ਉਸ ਨੂੰ ਪੰਡਿਤ ਜੀ ਨੇ ਚਿੱਟੇ ਕੱਪੜੇ ਪਵਾਏ ਹੋਏ ਸਨ। ਪੰਡਿਤ ਜੀ ਨੇ ਸਾਵਿਤਰੀ ਜੀ ਨੂੰ ਸ਼ਹੀਦ ਭਗਤ ਸਿੰਘ ਜੀ ਨੂੰ ਸਲਾਮ ਕਰਨ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲੈਣ ਲਈ ਕਿਹਾ ਸੀ। ਉਨ੍ਹਾਂ ਅਗੇ ਦੱਸਿਆ ਕਿ ਜਦੋਂ ਸ਼ਹੀਦ ਭਗਤ ਸਿੰਘ ਜੀ ਨੂੰ ਫਾਂਸੀ ਦਿੱਤੀ ਗਈ ਸੀ, ਉਨ੍ਹਾਂ ਦੇ ਮਾਤਾ-ਪਿਤਾ ਪੰਡਿਤ ਜੀ ਦੇ ਘਰ ਹੀ ਸਨ।

## ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ -

ਅਸੀ ਆਪਣੀਆਂ ਮਾਂਵਾਂ ਤੋਂ ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ ਸੁਣੀਆਂ ਹਨ ਜਿਨ੍ਹਾਂ ਦਾ ਵਰਣਨ ਹੇਠਾਂ ਹੈ—

ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਪੰਡਿਤ ਜੀ ਨੇ ਲਾਲਾ ਲਾਜਪਤ ਰਾਏ ਜੀ ਦੇ ਨਾਲ ਸਾਈਮਨ ਕਮਿਸ਼ਨ ਦੇ ਖਿਲਾਫ ਪ੍ਰਦਰਸ਼ਨ ਵਿਚ ਹਿੱਸਾ ਲਿਆ ਸੀ। ਜਿਸ ਕਰਕੇ ਉਨ੍ਹਾਂ ਨੂੰ, ਦੋ ਹੋਰ ਵਿਦਿਆਰਥੀਆਂ ਦੇ ਨਾਲ, ਇੱਕ ਸੈਸ਼ਨ ਦੇ ਲਈ ਕਾਲਜ ਤੋਂ ਮੁਅੱਤਲ ਕਰ ਦਿੱਤਾ ਗਿਆ। ਉਹ ਜਲ੍ਹਿਆਂਵਾਲਾ ਬਾਗ ਦੇ ਪ੍ਰਦਰਸ਼ਨ ਵਿਚ ਵੀ ਸ਼ਾਮਲ ਸਨ। ਕਤਲੇਆਮ ਤੋਂ ਥੋੜ੍ਹੀ ਦੇਰ ਪਹਿਲਾਂ, ਉਹ ਲੰਗਰ ਲਈ ਨਿਕਲੇ ਸਨ, ਅਤੇ ਉਥੇ ਹੀ ਉਨ੍ਹਾਂ ਨੂੰ ਕਤਲੇਆਮ ਬਾਰੇ ਪਤਾ ਲੱਗਾ।

ਸ਼੍ਰੀਮਤੀ ਵੀਨਾ ਜੀ ਨੂੰ ਉਨ੍ਹਾਂ ਦੀ ਮਾਤਾ ਸਾਵਿਤਰੀ ਦੇਵੀ ਜੀ ਨੇ ਇਹ ਵੀ ਦੱਸਿਆ ਸੀ ਕਿ ਇੱਕ ਸਵੇਰ 'ਖਾਨ ਚਾਚਾ' ਨਾਮਕ ਵਿਅਕਤੀ ਪੰਡਿਤ ਰਾਮ ਸਰਨ ਜੀ ਦੇ ਘਰ ਆਏ ਅਤੇ ਕਿਹਾ ਕਿ 'ਕੰਮ ਹੋ ਗਿਆ ਹੈ'। ਪਹਿਲਾਂ ਤਾਂ ਪੰਡਿਤ ਜੀ ਨੇ ਕੁਝ ਨਹੀਂ ਕਿਹਾ ਜਦੋਂ ਸਾਰਿਆਂ ਨੇ ਪੁੱਛਿਆ, ਬਾਅਦ ਵਿਚ ਪਤਾ ਲੱਗਾ ਕਿ 'ਖਾਨ ਚਾਚਾ', ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਕਾਬੁਲ ਵਿਚ ਪਹੁੰਚਣ ਦੀ ਖ਼ਬਰ ਦੇ ਰਹੇ ਸਨ। ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਜੀ ਨੇ ਸ਼੍ਰੀਮਦ ਭਗਵਦ ਗੀਤਾ ਦੇ ਇਸ ਅਨੁਵਾਦ ਦਾ ਕੁਝ ਹਿੱਸਾ ਗੁਰੂਦੇਵ ਰਬਿੰਦਰਨਾਥ ਟੈਗੋਰ ਜੀ ਨੂੰ ਗਾ ਕੇ ਸੁਣਾਇਆ ਜਦੋਂ ਗੁਰੂਦੇਵ ਲਾਹੌਰ ਆਏ ਅਤੇ ਲਾਲਾ ਧਨੀ ਰਾਮ ਭੱਲਾ ਜੀ ਦੀ ਕੋਠੀ ਵਿਚ ਰਹੇ। ਗੁਰੂਦੇਵ ਰਬਿੰਦਰਨਾਥ ਟੈਗੋਰ ਜੀ ਨੂੰ ਇਹ ਅਨੁਵਾਦ ਬਹੁਤ ਪਸੰਦ ਆਇਆ।

ਸ਼੍ਰੀਮਤੀ ਨੀਰਾ ਸ਼ਰਮਾ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਮਾਂ (ਸ਼੍ਰੀਮਤੀ ਕ੍ਰਿਸ਼ਨਾ) ਛੋਟੀ ਸੀ, ਉਹ ਸ਼ਹੀਦ ਭਗਤ ਸਿੰਘ ਜੀ ਦੀ ਮਾਂ ਨੂੰ ਲਾਹੌਰ ਵਿਚ ਉਨ੍ਹਾਂ ਦੇ ਘਰ ਮਿਲੇ ਸਨ। ਪੰਡਿਤ ਜੀ ਨੇ ਉਨ੍ਹਾਂ ਨਾਲ ਜਾਣ-ਪਛਾਣ ਕਰਵਾਈ ਸੀ ਅਤੇ ਉਨ੍ਹਾਂ ਨੇ ਭਗਤ ਸਿੰਘ ਦੀ ਮਾਤਾ ਜੀ ਨੂੰ ਝੁਕ ਕੇ ਪਰਣਾਮ ਕੀਤਾ ਸੀ।

ਮਰਹੂਮ ਸਵਰਾਜ ਸ਼ਰਮਾ ਨੇ ਸਾਨੂੰ ਦੱਸਿਆ ਸੀ ਕਿ ਸਾਡੇ ਨਾਨਾ ਜੀ (ਮਰਹੂਮ ਰਾਮ ਸਰਨ ਦਾਸ) ਨੇ ਸੁਤੰਤਰਤਾ ਲਹਿਰ ਨਾਲ ਜੁੜੀ 'ਸਵਰਾਜ ਪਾਰਟੀ' ਦੇ ਉੱਤੇ ਉਨ੍ਹਾਂ ਦਾ ਨਾਂ ਰੱਖਿਆ ਸੀ । ਉਨ੍ਹਾਂ ਇਹ ਵੀ ਕਿਹਾ ਕਿ ਉਹ ਇਨਕਲਾਬੀ ਕਵਿਤਾਵਾਂ ਲਿਖਦੇ ਸਨ ਅਤੇ ਇਹ ਕਵਿਤਾਵਾਂ ਪੰਡਿਤ ਜੀ ਆਪਣੇ ਅਸਲ ਨਾਮ ਨਾਲ ਨਹੀਂ ਬਲਕਿ ਅਪਣਾਏ ਹੋਏ ਕਿਸੇ ਹੋਰ ਨਾਮ ਨਾਲ ਲਿਖਦੇ ਸਨ। ਸ਼੍ਰੀਮਦ ਭਗਵਦ ਗੀਤਾ (1935): ਪੰਡਿਤ ਰਾਮ ਸਰਨ ਦਾਸ ਜੀ ਦੀ 1935 ਵਿਚ ਪ੍ਰਕਾਸ਼ਿਤ ਗੀਤਾ ਦੇ ਪਹਿਲੇ ਪੰਨੇ ਅਤੇ ਵੱਖ ਵੱਖ ਮਹਾਂ ਪੁਰਸ਼ਾਂ ਦੇ ਸਰਲ ਭਾਸ਼ਾ ਵਿਚ ਅਨੁਵਾਦ ਸਾਨੂੰ ਡਾ. ਜਵਾਹਰ ਲਾਲ ਗੈਂਡਰ ਜੀ (ਜੋ ਪੰਡਿਤ ਜੀ ਦੀ ਧੀ ਸਾਵਿਤਰੀ ਦੇਵੀ ਦੇ ਸਭ ਤੋਂ ਵੱਡੇ ਜਵਾਈ ਹਨ) ਨੇ ਦਿੱਤਾ ਹੈ ਜੋ ਰੁੜਕੀ ਵਿਚ ਰਹਿੰਦੇ ਸਨ। ਇਸ ਲਈ ਅਸੀ ਉਨ੍ਹਾਂ ਦੇ ਧੰਨਵਾਦੀ ਹਾਂ।

ਸ਼੍ਰੀਮਦ ਭਗਵਦ ਗੀਤਾ ਦਾ ਗੁਰਮੁਖੀ ਲਿਪੀ ਵਿਚ ਅਨੁਵਾਦ ਪਹਿਲਾਂ ਸਿਰਫ਼ ਛੇਵੇਂ ਅਧਿਆਇ ਤੱਕ ਹੀ ਪ੍ਰਕਾਸ਼ਿਤ ਕੀਤਾ

ਗਿਆ ਸੀ। ਬਾਅਦ ਦੇ ਭਾਗ ਅਰਥਾਤ ਅਧਿਆਇ 7 ਤੋਂ 18 ਨੂੰ ਸ਼੍ਰੀਮਦ ਭਗਵਦ ਗੀਤਾ ਦੇ ਦੇਵਨਾਗਰੀ ਅਨੁਵਾਦ ਦੀ ਹੱਥ ਲਿਖਤ ਖਰੜੇ ਤੋਂ ਗੁਰਮੁਖੀ ਲਿਪੀਅੰਤਰਨ ਕੀਤਾ ਗਿਆ ਹੈ। ਲਿਪੀਅੰਤਰਨ ਅਤੇ ਇਸ ਕੰਮ ਚ ਆਪਣੇ ਯੋਗਦਾਨ ਲਈ ਅਸੀ ਪ੍ਰਭਦੀਪ ਕੌਰ ਅਤੇ ਹਰਵਿੰਦਰ ਸਿੰਘ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ ਦੇ ਵਿਦਿਆਰਥੀਆਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ (ਵਿਭਾ ਸ਼ਰਮਾ) ਆਪਣੇ ਜੀਵਨ ਸਾਥੀ, ਅਸ਼ਵਨੀ ਕੁਮਾਰ ਤੁਕਨਾਯਤ ਜੀ ਦੀ ਧੰਨਵਾਦੀ ਹਾਂ ਜਿਨ੍ਹਾਂ ਦੇ ਲਗਾਤਾਰ ਸਮਰਥਨ ਅਤੇ ਪ੍ਰੇਰਨਾ ਨੇ ਮੈਨੂੰ ਇਹ ਕੰਮ ਕਰਨ ਦੀ ਹਿੰਮਤ ਦਿੱਤੀ।

ਅਸੀ 'ਅਰੁਣ ਪਬਲਿਸ਼ਿੰਗ ਹਾਊਸ', ਚੰਡੀਗੜ੍ਹ ਦੇ ਮਰਹੂਮ ਨਲਿਨ ਸ਼ਰਮਾ ਜੀ ਅਤੇ ਸ਼੍ਰੀ ਅਨਿਲ ਸ਼ਰਮਾ ਜੀ ਦਾ ਪੰਡਿਤ ਜੀ ਦੇ ਇਸ ਕਾਰਜ ਨੂੰ ਇਸ ਸੁੰਦਰ ਰੂਪ ਵਿਚ ਲਿਆਉਣ ਲਈ ਧੰਨਵਾਦ ਕਰਦੀ ਹਾਂ। ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਹ ਸੰਭਵ ਨਹੀਂ ਸੀ।

ਅਸੀ ਉਸ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਵਾਂਗੀ ਜਿਸਨੇ ਸਾਨੂੰ ਸਾਡੇ ਨਾਨਾ ਜੀ ਦੇ ਕੰਮ ਨੂੰ ਪਰਕਾਸ਼ਿਤ ਕਰਨ ਦਾ ਮੌਕਾ ਦਿੱਤਾ।

ਅਸੀ (ਵਿਭਾ ਸ਼ਰਮਾ ਅਤੇ ਨੀਰਾ ਸ਼ਰਮਾ) ਉਮੀਦ ਕਰਦੇ ਹਾਂ ਕਿ ਜੋਂ ਕੋਈ ਵੀ ਭਗਵਦ ਗੀਤਾ ਦੇ ਇਸ ਅਨੁਵਾਦ ਨੂੰ ਪੜ੍ਹੇਗਾ ਉਹ ਗੀਤਾ ਦੇ ਸਾਰ ਨੂੰ ਸਮਝੇਗਾ ਅਤੇ ਇਸਨੂੰ ਆਪਣੇ ਜੀਵਨ ਵਿਚ ਲਾਗੂ ਕਰੇਗਾ।


**ਡਾ. ਨੀਰਾ ਸ਼ਰਮਾ**
*ਪ੍ਰਿਸੀਪਲ*
*ਡੀ.ਏ.ਵੀ.ਸਕੂਲ*
*ਲਾਰੈਂਸ ਰੋਡ, ਅੰਮ੍ਰਿਤਸਰ*
*ਈ ਮੇਲ – forneera@gmail.com*

**ਡਾ. ਵਿਭਾ ਸ਼ਰਮਾ**
*ਸਹਾਇਕ ਪ੍ਰੋਫੈਸਰ*
*ਐਮ. ਸੀ. ਐਮ. ਡੀ.ਏ.ਵੀ. ਕਾਲਜ*
*ਸੈਕਟਰ 36, ਚੰਡੀਗੜ੍ਹ*
*ਈ ਮੇਲ– vibhasharma9@gmail.com*

# ਕ੍ਰਮ


| ਅਧਿਆਇ | ਸੰਵਾਦ ਅਤੇ ਯੋਗ | ਸ਼ਲੋਕ | ਪੰਨਾ |
|---|---|---|---|
| ਪਹਿਲਾ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਵਿਸ਼ਾਦ ਯੋਗ | 47 | 17 |
| ਦੂਜਾ ਅਧਿਆਇ : | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸਾਂਖ ਯੋਗ | 72 | 26 |
| ਤੀਜਾ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਕਰਮ ਯੋਗ | 43 | 41 |
| ਚੌਥਾ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਗਿਆਨ ਵਿਭਾਗ ਯੋਗ | 42 | 50 |
| ਪੰਜਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸੰਨਿਆਸ ਯੋਗ | 29 | 59 |
| ਛੇਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਆਤਮ ਸੰਜਮ ਯੋਗ | 47 | 65 |
| ਸੱਤਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸੰਨਿਆਸ ਯੋਗ | 30 | 75 |
| ਅੱਠਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸਾਮਵੇਦ ਤਾਰਕ ਬ੍ਰਹਮਯੋਗ | 28 | 82 |
| ਨੌਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਰਾਜਵਿਧਯ ਰਾਜਮੂਹਯ ਯੋਗ | 34 | 90 |
| ਦਸਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਵਿਭੂਤੀ ਯੋਗ | 42 | 99 |
| ਗਿਆਰਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸ਼੍ਰੀ ਵਿਸ਼ਵਵਿਰਾਟ ਰੂਪ ਦਰਸ਼ਨ | 55 | 108 |
| ਬਾਰਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਭਗਤੀ ਯੋਗ | 20 | 124 |
| ਤੇਰਵ੍ਹਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਭਗਤੀ ਯੋਗ | 34 | 130 |
| ਚੌਧਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਗੁਣ ਤੇ ਵਿਭਾਗ ਯੋਗ | 27 | 139 |
| ਪੰਦਰਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਪੁਰਸ਼ੋਤਮ ਯੋਗ | 20 | 145 |
| ਸੋਲਵ੍ਹਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਦੇਵਾਸੁਰ ਸੰਪਦ ਵਿਭਾਗ | 24 | 150 |
| ਸਤਾਰਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸ਼੍ਰਧਾਤਰੀ ਵਿਭਾਗ | 28 | 155 |
| ਅਠਾਰਵਾਂ ਅਧਿਆਇ: | ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਮੋਕਸ਼ ਸੰਨਿਆਸ ਯੋਗ | 78 | 161 |

# ਧੰਨਵਾਦ!

ਇਹ ਉਲਥਾ ਕਰਣ ਸਮਯ ਕਈ ਸੱਜਣਾਂ ਨੇ ਮੇਰੀ ਬਹੁਤ ਸਾਰੀ ਸਹਾਇਤਾ ਕੀਤੀ, ਮੈਂ ਸਭ ਦਾ ਸੱਚੇ ਦਿਲੋਂ ਧੰਨਵਾਦ ਕਰਦਾ ਹਾਂ।

ਸ਼੍ਰੀ ਸ਼ਹਿਨਸ਼ਾਹ ਮਹਾਰਾਜ ਲਾਲਾ ਵਿਸ਼ਨ ਦਾਸ ਵਿਸ਼ਨੂ ਐਡਵੋਕੇਟ, ਪੰਡਿਤ ਬਿਹਾਰੀ ਲਾਲ ਸਾਬਰ, ਲਾਲ ਲਖਸ਼ਮੀ ਨਰਾਇਣ ਐਡਵੋਕੇਟ ਸ਼੍ਰੀ ਮਾਨ ਸਤਿਆਰਥੀ ਜੀ, ਲਾਲਾ ਅਮਰਨਾਥ ਚੋਪੜਾ, ਲਾਲਾ ਧਨੀ ਰਾਮ ਜੀ ਭਲਾ ਤੇ ਲਾਲਾ ਅਮੋਲਕ ਰਾਮ ਕਪੂਰ ਦਾ ਖਾਸ ਕਰਕੇ ਧੰਨਵਾਦ ਕੀਤਾ ਜਾਂਦਾ ਹੈ।

ਅੰਤ ਵਿਚ ਮੈਂ ਬਾਬਾ ਗੁਰਬਖਸ਼ ਸਿੰਘ ਨਿਰੰਕਾਰੀ ਦਾ ਬਹੁਤ ਸਾਰਾ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁਸਤਕ ਦੇ ਪ੍ਰਕਾਸ਼ਤ ਕਰਨ ਵਿਚ ਬਹੁਤ ਸਾਰਾ ਉਤਸ਼ਾਹ ਪਰਗਟ ਕੀਤਾ।

**ਪੰਡਿਤ ਰਾਮ ਸਰਨ**



# ਪਾਠ ਕਰਨ ਤੇ ਗਾਉਣ ਦੀ ਵਿਧੀ

ਗੀਤਾ ਦੇ ਕਰਮ ਕਾਂਡ ਦਾ ਇਹ ਪੰਜਾਬੀ ਉਲਥਾ ਹਿੰਦੀ ਤੇ ਪੰਜਾਬੀ ਦੇ ਪ੍ਰਸਿੱਧ ਚੌਪਈ ਛੰਦ ਵਿਚ ਕੀਤਾ ਹੋਇਆ ਹੈ। ਇਸੇ ਛੰਦਾ ਬੰਧਨੀ ਵਿਚ ਹੀ ਗੁਸਾਂਈ ਤੁਲਸੀ ਦਾਸ ਦੀ ਰਮਾਇਣ ਹੈ। ਜਪੁਜੀ ਤੇ ਸੁਖਮਨੀ ਸਾਹਿਬ ਆਦਿ ਬਾਣੀਆਂ ਵਿਚ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਬਹੁਤ ਥਾਂਈਂ ਇਹੁ ਛੰਦ ਵਰਤਿਆ ਗਿਆ ਹੈ।

ਜੇ ਪਾਠ ਕਰਨਾ ਹੋਵੇ, ਤਾਂ ਸੁਖਮਨੀ ਸਾਹਿਬ ਦੇ ਰਹਾ ਤੇ ਲੈ ਨਾਲ ਪਾਠ ਕੀਤਾ ਜਾ ਸਕਦਾ ਹੈ। ਜਾ ਗਾਉਣਾ ਹੋਵੇ ਤਾਂ ਰਮਾਇਣ ਦੀ ਪ੍ਰਸਿੱਧ ਸੁਰ –

*'ਰਘੁਪਤ ਰਾਘਵ ਰਾਜਾ ਰਾਮ।*
*ਪਤਿਤ ਪਾਵਨ ਸੀਤਾ ਰਾਮ।'*

ਯਾ ਮਸ਼ਹੂਰ ਪੁਰਾਣੇ ਤੁਲਸੀ ਰਮਾਇਣ ਦੀ ਸੁਰ ਵਿਚ ਗਾਇਆ ਜਾ ਸਕਦਾ ਹੈ, ਯਾ ਕਾਫੀਆਂ ਦੀ ਲੈ–

*'ਮੁਰਲੀ ਅਚਰਜ ਕਾਹਨ ਵਜਾਈ।'*

ਦੇ ਰਹਾ ਤੇ ਇਹ ਗੀਤਾ ਗਾਈ ਜਾ ਸਕਦੀ ਏ। ਇਹ ਛੰਦ ਪ੍ਰਾਚੀਨ ਸਮੇਂ ਥੌਂ ਭਗਤੀ ਤੇ ਪ੍ਰੇਮ ਰਸ ਭਿੰਨੀ ਕਵਿਤਾ ਵਿਚ ਕਵੀਸ਼ਰਾਂ ਨੇ ਵਰਤਿਆ ਹੈ। ਗੀਤਾ ਦਾ ਸੰਸਕ੍ਰਿਤ ਅਸ਼ਟਪਦੀ ਛੰਦ ਵੀ ਇਸ ਚੌਪਈ ਛੰਦ ਨਾਲ ਬਹੁਤ ਸਾਰਾ ਮਿਲਦਾ ਏ। ਇਕ ਹੋਰ ਵਾਧਾ ਚੌਪਈ ਛੰਦਾ–ਬੰਦੀ ਵਿਚ ਇਹ ਹੈ ਕਿ ਹਰ ਵੇਲੇ ਗਾਇਆ ਜਾ ਸਕਦਾ ਏ।

**ਸਾਵਿਤ੍ਰੀ ਕੁਮਾਰੀ**

# ਪਹਿਲਾ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਵਿਸ਼ਾਦ ਯੋਗ



1

*ਧ੍ਰਿਤਰਾਸ਼ਟਰ ਉਵਾਚ!*

ਧਰਮ ਖੇਤ ਕੁਰੁਖੇਤਰ ਆਕੇ
ਜੁੜਕੇ ਯੁੱਧ ਦਾ ਰੰਗ ਰਚਾਕੇ
ਕੌਰਵ ਪਾਂਡਵ ਰਾਜ ਦੁਲਾਰੇ
ਕੀ ਕਰਦੇ ਦਸ ਸੰਜਯ ਪਿਆਰੇ!

2

*ਸੰਜਯ ਉਵਾਚ!*

ਦੁਰਯੋਧਨ ਨੇ ਜਦ ਰਾਜਾ ਜੀ
ਪਾਂਡੂ ਸੈਨਾ ਸਜਦੀ ਵੇਖੀ
ਦ੍ਰੋਣ ਗੁਰੂ ਦੀ ਸ਼ਰਣੀ ਆਇਆ
ਆਕੇ ਮੁਖ ਥੋਂ ਬਚਨ ਸੁਣਾਯਾ।

3

ਗੁਰੂ ਦੇਵ ਸੈਨਾ ਵਲ ਵੇਖੋ
ਪਾਂਡੂ ਪੁੱਤਰਾਂ ਦਾ ਦਲ ਵੇਖੋ
'ਧ੍ਰਿਸ਼ਟਦੁਮਨ' ਸ਼ਿਸ਼ ਦੀ ਚਤੁਰਾਈ
ਵੇਖੋ ਸੈਨਾ ਖ਼ੂਬ ਸਜਾਈ।

4

ਭੀਮ ਅਰਜੁਨ ਜਹੇ ਸ਼ਾਨਾਂ ਵਾਲੇ
ਯੋਧੇ ਤੀਰ ਕਮਾਨਾਂ ਵਾਲੇ
ਮਹਾਰਥੀ 'ਯੁਯੁਧਾਨ' ਨੂੰ ਵੇਖੋ
'ਦ੍ਰੂਪਦ' 'ਵਿਰਾਟ' ਦੀ ਸ਼ਾਨ ਨੂੰ ਵੇਖੋ।

5

'ਧ੍ਰਿਸ਼ੁਕੇਤ' 'ਚਿਕਤਾਨ' ਨੂੰ ਵੇਖੋ
'ਕਾਸ਼ੀਂ ਰਾਜ' ਬਲਵਾਨ ਨੂੰ ਵੇਖੋ
'ਪੁਰੁ ਜਿਤ' 'ਕੁੰਤੀ ਭੋਜ' ਨੂੰ ਵੇਖੋ
'ਸ਼ਿਵੀ' ਬੀਰ ਦੇ ਓਜ ਨੂੰ ਵੇਖੋ।

6

'ਯੁਧ੍ਹਾ ਮਨਯੂ' ਰਣਧੀਰ ਨੂੰ ਵੇਖੋ
'ਉਤਮ-ਔਜਾ' ਬੀਰ ਨੂੰ ਵੇਖੋ
'ਅਭਿ-ਮਨਯੂ' ਤੇ 'ਦ੍ਰੋਪਦੀ' ਜਾਏ
ਮਹਾਰਥੀ ਸਭ ਰਣ ਵਿਚ ਆਏ।

7

ਸਾਡੇ ਵਲ ਜੋ ਯੋਧੇ ਸੂਰੇ
ਨਾਮ ਸੁਣਾਵਾਂ ਪੂਰੇ ਪੂਰੇ
ਜੋ ਸੈਨਾ ਦੇ ਨਾਯਕ ਮੇਰੇ
ਵਰਣਨ ਕਰਾਂ ਮੈਂ ਸਨਮੁਖ ਤੇਰੇ।

8

ਆਪ ਤੁਸੀਂ 'ਭੀਸ਼ਮ' ਤੇ 'ਕਰਣ'
'ਕ੍ਰਿਪਾਚਾਰਯ' ਬਲਵਾਨ ਵਿਕਰਣ
'ਅਸ਼ਵਤ ਥਾਮਾ' ਵੀਰ ਕਹਾਵੇ
'ਭੂਰੀ ਸ਼ਰਵਾ' ਤੇਜ ਵਖਾਵੇ।

9

ਹੋਰ ਕਈ ਯੋਧੇ ਬਲਕਾਰੀ
ਕਈ ਤਰ੍ਹਾਂ ਦੇ ਸ਼ਸਤਰ ਧਾਰੀ
ਮੇਰੀ ਖ਼ਾਤਰ ਲੜਨ ਨੂੰ ਆਏ
ਜਾਨਾਂ ਸਦਕੇ ਕਰਨ ਨੂੰ ਆਏ।

10

ਸੈਨਾ 'ਭੀਸ਼ਮ' ਰਖਯਕ ਜਿਸਦਾ
ਉਸਦਾ ਬਲ ਪੂਰਾ ਨਹੀਂ ਦਿਸਦਾ
ਪਾਂਡੂ ਸੈਨਾ ਭੀਮ ਸੰਭਾਲੀ
ਓਹ ਦਿੱਸਦੀ ਬਹੁਤੇ ਬਲ ਵਾਲੀ।

11

ਥਾਂਉਂ ਥਾਂਈਂ ਹੁਣ ਹਟ ਜਾਵੋ
ਮੋਰਚਿਆਂ ਤੇ ਸਭ ਡੱਟ ਜਾਵੋ
ਰਸਤੇ ਰੋਕ, ਜਾਨ ਤੇ ਲੜਨਾ
ਭੀਸ਼ਮ ਜੀ ਦੀ ਰੱਖਯਾ ਕਰਨਾ।

12

ਭੀਸ਼ਮ ਜੀ ਤਦ ਸੰਖ ਵਜਇਆ
ਖੁਸ਼ੀ ਵਿਚ ਦੁਰਯੋਧਨ ਆਇਆ
ਉੱਚੀ ਵਾਜ ਸੰਖ ਇਹੋਂ ਵੱਜਦਾ
ਜਿਉਂ ਬੇਲੇ ਵਿਚ ਸ਼ੀਂਹ ਪਿਆ ਗੱਜਦਾ।

13

ਜੰਗੀ ਵਾਜੇ ਵਜਦੇ ਸਾਰੇ
ਤੁਰਮ ਤੂਤੀਆਂ ਢੋਲ ਨਗਾਰੇ
ਸੰਖਾਂ ਐਸਾ ਸ਼ੋਰ ਮਚਾਇਆ
ਧਰਤੀ ਤੇ ਆਕਾਸ਼ ਹਿਲਾਇਆ

14

ਚਿੱਟੇ ਘੋੜੇ ਜੁਤੇ ਅੱਗੇ
ਜੰਗੀ ਰਥ ਕਿਹਾ ਸੋਹਣਾ ਲੱਗੇ
ਰਥ ਵਿਚ ਅਰਜੁਨ ਕ੍ਰਿਸ਼ਨ ਸੁਹਾਂਦੇ
ਸੁੰਦਰ ਸੋਹਣੇ ਸੰਖ ਵਜਾਂਦੇ

15

'ਪੰਚਜਨਯ ' ਸ਼੍ਰੀ ਕ੍ਰਿਸ਼ਨ ਵਜਇਆ
'ਦੈਵਦੱਤ' 'ਅਰਜੁਨ' ਗਰਜਾਇਆ
'ਭੀਮ' ਭੈਅੰਕਰ ਕਰਮ ਕਮਾਵੇ
'ਪੌਂਡਰ' ਨਾਮੀ ਸੰਖ ਵਜਾਵੇ।

16

ਬੀਰ ਯੁਧਿਸ਼ਟਰ ਕੁੰਤੀ ਜਾਯਾ
ਸੰਖ 'ਅਨੰਤ ਵਿਜਯ' ਗਰਜਾਯਾ
ਸੰਖ 'ਨਕੁਲ' 'ਸਹਦੇਵ' ਵਜਾਂਦੇ
ਜੋ 'ਸੁਘੋਸ਼' 'ਮਣੀ ਪੁਸ਼ਪ' ਕਹਾਂਦੇ।

17

ਕਾਸ਼ੀਂ ਰਾਜਾ ਧਨੁਸ਼ ਘਮੰਡੀ
ਮਹਾਰਥੀ ਰਣਬੀਰ 'ਸ਼ਿਖੰਡੀ'
'ਧ੍ਰਿਸ਼ਟਧੁਮਨ' ਤੇ 'ਵਿਰਾਟ' ਇਹ ਸਾਰੇ
ਸਾਤਯ ਕੀ ਜੋ ਨ ਰਣ ਵਿਚ ਹਾਰੇ।

18

ਰਾਜਾ 'ਦ੍ਰੁਪਦ' ਤੇ 'ਦ੍ਰੋਪਤੀ' ਜਾਏ
'ਅਭਿਮਨਯੂ' ਮਹਾਬਾਹੂ ਕਹਾਏ
ਸਾਰੇ ਯੋਧੇ ਬੀਰ ਜਵਾਨ
ਆਪੋ ਆਪਣੇ ਸੰਖ ਵਜਾਨ।

19

ਸੰਖਾਂ ਐਸਾ ਸ਼ੋਰ ਮਚਾਇਆ
ਧਰਤੀ ਤੇ ਆਕਾਸ਼ ਗੁੰਜਾਇਆ
ਨਾਦ ਭਯੰਕਰ ਸੁਣ ਸੰਖਾਂ ਦੇ
ਕੌਰਵਾਂ ਦੇ ਹਿਰਦੇ ਘਬਰਾਂਦੇ।

20

ਕੌਰਵ ਰਣ ਵਿਚਕਾਰ ਖੜੇ ਸਨ
ਯੁੱਧ ਲਈ ਤਿਆਰ ਖੜੇ ਸਨ
ਅਰਜੁਨ ਜਿਸਦਾ ਕਪੀ ਨਿਸ਼ਾਨ
ਪਕੜ ਲਿਆ ਉਸ ਤੀਰ ਕਮਾਨ।

21

*ਅਰਜੁਨ ਉਵਾਚ!*

ਬੋਲਿਆ ਅਰਜੁਨ ਹੇ ਗਿਰਧਾਰੀ!
ਹੇ ਮਾਧੋ! ਹੇ ਕ੍ਰਿਸ਼ਨ ਮੁਰਾਰੀ!
ਰਥ ਨੂੰ ਹੇ ਭਗਵਾਨ! ਚਲਾਓ
ਦੋ ਸੈਨਾ ਵਿਚਕਾਰ ਲੈ ਜਾਓ।

22

ਵੇਖ ਲਵਾਂ ਮੈਂ ਕੇਹੜੇ ਕੇਹੜੇ
ਰਣ ਵਿਚ ਨਾਲ ਲੜਨਗੇ ਮੇਰੇ
ਕੌਣ ਸੂਰਮੇ ਮਾਵਾਂ ਜਾਏ
ਯੁੱਧ ਕਾਮਨਾ ਕਰਕੇ ਆਏ।

23

ਵੇਖਾਂ ਕੌਣ ਕੌਣ ਬਲਵਾਨ
ਕੇਹੜੇ ਯੋਧੇ ਸੂਰ ਜਵਾਨ
ਦੁਰਯੋਧਨ ਦਾ ਪੱਖ ਕਰਨਗੇ
ਉਸ ਮੂਰਖ ਲਈ ਲੜਨ ਮਰਨਗੇ।

24

*ਸੰਜਯ ਉਵਾਚ !*

ਜਦ ਅਰਜੁਨ ਨੇ ਹੇ ਰਾਜਾ ਜੀ।
ਇਹ ਗੱਲ ਰਿਸ਼ੀਕੇਸ਼ ਨੂੰ ਆਖੀ।
ਰਥ ਨੂੰ ਤਦ ਭਗਵਾਨ ਚਲਾਂਦੇ
ਦੋ ਸੈਨਾ ਵਿਚਕਾਰ ਲੈ ਜਾਂਦੇ।

25

ਭੀਸ਼ਮ ਦ੍ਰੋਣ ਹੋਰ ਕਈ ਰਾਜੇ
ਦਿਸਦੇ ਸੈਨਾ ਵਿਚ ਬਿਰਾਜੇ
ਕ੍ਰਿਸ਼ਨ ਕਹੇ ਹੇ ਪਾਰਥ ਪਿਆਰੇ !
ਵੇਖ ਖੜੇ ਨੇ ਕੌਰਵ ਸਾਰੇ।

26 – 27

ਅਰਜੁਨ ਨੇ ਜਦ ਨਜ਼ਰ ਉੱਠਾਈ
ਵੇਖੇ ਬੰਧੂ ਮਿੱਤਰ ਭਾਈ
ਸੌਹਰੇ ਚਾਚੇ ਮਾਮੇ ਵੇਖੇ
ਪੁੱਤਰ ਪਿਤਾ ਪਿਤਾਮੇ ਵੇਖੇ

ਗੁਰੂ ਸਬੰਧੀ ਪੋਤੇ ਵੇਖੇ
ਵਿਚ ਮੈਦਾਨ ਖਲੋਤੇ ਵੇਖੇ।
ਮੋਹ ਵਸ ਹੋ ਅਰਜੁਨ ਘਬਰਾਇਆ
ਮੁਖ ਥੋਂ ਫਿਰ ਇਹ ਬਚਨ ਸੁਣਾਇਆ।



28

ਅਰਜੁਨ ਉਵਾਚ!

ਸੱਜਣ ਯੁੱਧ ਕਰਨ ਸਭ ਆਏ
ਵੇਖ! ਵੇਖ! ਮੇਰਾ ਮਨ ਘਬਰਾਏ।

29

ਹੱਥ ਪੈਰ ਮੇਰੇ ਕਿਰਦੇ ਜਾਨ
ਮੂੰਹ ਪਿਆ ਸੁਕਦਾ ਹੇ ਭਗਵਾਨ!
ਦੇਹ ਕੰਬਦੀ ਹੇ ਕ੍ਰਿਸ਼ਨ ਮੁਰਾਰੀ!
ਉੱਠਨ ਲੂੰ ਕੰਡੇ ਗਿਰਧਾਰੀ!

30

ਹੱਥੋਂ ਧਨੁਸ਼ ਖਿਸਕਦਾ ਜਾਵੇ
ਤਪੇ ਸ਼ਰੀਰ ਤੇ ਮਨ ਘਬਰਾਵੇ
ਹੇ ਭਗਵਾਨ! ਕੀ ਦੱਸਾਂ ਤੈਨੂੰ
ਰਣ ਵਿਚ ਠਹਿਰਨ ਮੁਸ਼ਕਿਲ ਮੈਨੂੰ।

31

ਹੇ ਮਧੁਸੂਧਨ ਕ੍ਰਿਸ਼ਨ ਮੁਰਾਰੇ।
ਪੁੱਠੇ ਲੱਛਣ ਵੇਖਾਂ ਸਾਰੇ
ਰਣ ਵਿਚ ਸੱਜਣ ਮਾਰ ਮੁਕਾਵਾਂ
ਇਸ ਥੋਂ ਕੀ ਵਡਿਆਈ ਪਾਵਾਂ।

32

ਸੱਜਣ ਮਾਰ ਜੇਤ ਨ ਚਾਹਵਾਂ
ਕਿਉਂ ਸੁਖ ਭੋਗਾਂ ਰਾਜ ਕਮਾਵਾਂ
ਐਸਾ ਰਾਜ ਭੋਗ ਕੀ ਕਰਨਾ
ਇਸ ਜੀਵਨ ਥੋਂ ਚੰਗਾ ਮਰਨਾ।

33

ਜਿਨ੍ਹਾਂ ਖਾਤਰ ਰਾਜ ਮੈਂ ਚਾਹਵਾਂ
ਰਾਜ ਭੋਗ ਸੁਖ ਤਾਜ ਮੈਂ ਚਾਹਵਾਂ
ਸੋ ਸਭ ਆਏ ਯੁੱਧ ਕਰਨ ਨੂੰ
ਤਿਆਗ ਪ੍ਰਾਣ ਸਭ ਖੜੇ ਮਰਨ ਨੂੰ।

34

ਪੁੱਤਰ ਪੋਤੇ ਪਿਤਾ ਪਤਾਮੇ
ਸੌਹਰੇ ਸਾਲੇ ਸਮਧੀ ਮਾਮੇ
ਗੁਰੂ ਮਿੱਤਰ ਚਾਚੇ ਤੇ ਤਾਏ
ਸਾਰੇ ਸੱਜਣ ਰਣ ਵਿਚ ਆਏ।

35

ਤ੍ਰੈ ਲੋਕੀ ਦਾ ਰਾਜ ਧਿਕਾਰਾਂ
ਮੈਂ ਪਰ ਸੱਜਣ ਕਦੇ ਨ ਮਾਰਾਂ
ਤੁੱਛ ਚੀਜ਼ ਪ੍ਰਿਥਵੀ ਦਾ ਰਾਜ
ਹੇ ਮਧੁਸੂਦਨ! ਹੇ ਮਹਾਰਾਜ!
ਭਾਵੇਂ ਰਣ ਵਿਚ ਮੈਂ ਮਰ ਜਾਵਾਂ
ਸੱਜਣ ਮਾਰ ਰਾਜ ਨ ਚਾਹਵਾਂ।

36

ਜੇ ਮਾਰਾਂ ਮੈਂ ਕੌਰਵਾਂ ਤਾਈਂ
ਇਸ ਵਿਚ ਮੈਨੂੰ ਸੁਖ ਤੇ ਨਾਹੀਂ
ਭਾਵੇਂ ਚੁਕ ਲਈ ਅਤ ਭਰਾਵਾਂ
ਮਾਰ ਇਨ੍ਹਾਂ ਕਿਉਂ ਪਾਪ ਕਮਾਵਾਂ।

37

ਧ੍ਰਿਤਰਾਸ਼ਟਰ ਦੇ ਬੇਟੇ ਜੇਹੜੇ
ਹੇ ਮਾਧੋ। ਸਭ ਵੀਰ ਨੇ ਮੇਰੇ
ਕੀਕਣ ਮਾਰਾਂ ਭਾਈਆਂ ਤਾਈਂ

ਮਾਰ ਇਨ੍ਹਾਂ ਸੁਖ ਮਿਲਨਾ ਨਾਹੀਂ।

38

ਪਾਪੀ ਸੋ, ਜੋ ਕੁਲ ਨੂੰ ਮਾਰੇ
ਮਿੱਤਰਾਂ ਨਾਲ ਜੋ ਵੈਰ ਗੁਜ਼ਾਰੇ
ਲਾਲਚ ਵਿਚ ਬੁੱਧੀ ਭਰਮਾਈ
ਕੌਰਵਾਂ ਨੂੰ ਇਹ ਸਮਝ ਨ ਆਈ।

39

ਕੁਲ ਹੱਤਿਆ ਦੇ ਜੋ ਜੋ ਔਗੁਣ
ਮੈਂ ਤਾਂ ਸਾਰੇ ਜਾਣਾਂ ਭਗਵਨ
ਫਿਰ ਮੈਂ ਪਾਪ ਕਮਾਵਾਂ ਕਿਉਂ?
ਕੁਲ ਘਾਤਕ ਸਦਵਾਵਾਂ ਕਿਉਂ?

40

ਕੁਲ ਹੱਤਿਆ ਥੋਂ ਇਹ ਫਲ ਪਾਣਾ
ਨਾਸ਼ ਹੋਵੇ ਕੁਲ ਧਰਮ ਪੁਰਾਣਾ
ਜਦ ਕੁਲ ਧਰਮ ਨਾਸ਼ ਹੋ ਜਾਵੇ
ਬੇ-ਧਰਮੀ ਤਦ ਜ਼ੋਰ ਵਖਾਵੇ।

41

ਬੇ-ਧਰਮੀ ਤਦ ਲੋਕੀਂ ਹੋਣ
ਇਸਤ੍ਰੀਆਂ ਤਦ ਵਿਗੜ ਖਲੋਣ
ਨਾਰੀਆਂ ਵਿਗੜ ਜਾਣ ਜਦ ਭਗਵਨ
ਵਰਣਨਹੀਨ ਬਾਲਕ ਤਦ ਜੰਮਣ।

42

ਵਰਣਹੀਨ ਜਿਸ ਕੁਲ ਵਿਚ ਆਵੇ
ਸਾਰੀ ਕੁਲ ਨੂੰ ਨਰਕ ਪਹੁੰਚਾਵੇ
ਤਰਪਣ ਪਿੰਡ ਹੋਵਣ ਸਭ ਨਾਸ਼
ਪਿੱਤਰ ਕਰਨ ਨਰਕਾਂ ਵਿਚ ਵਾਸ।

43

ਵਰਣਹੀਨ ਜਿਸ ਕਾਰਣ ਜੰਮਣ
ਉਹ ਸਭ ਦੋਸ਼ ਪਾਪ ਮਧੁ-ਸੂਦਨ!
ਕੁਲ ਘਾਤਕ ਦੀ ਕੁਲ ਵਿਚ ਆਂਦੇ
ਸਭ ਕੁਲ ਧਰਮ ਨਾਸ਼ ਹੋ ਜਾਂਦੇ।



**44**

ਕੁਲ ਧਰਮਾਂ ਨੂੰ ਜੋ ਛੱਡ ਜਾਵਣ।
ਉਹ ਤਾਂ ਸਦਾ ਨਰਕ ਨੂੰ ਪਾਵਣ।
ਹੇ ਭਗਵਾਨ ਦੇਵਕੀ ਜਾਇਆ!
ਸਾਡੇ ਸੁਣਨ ਵਿਚ ਇਹ ਆਇਆ।

**45**

ਸੱਜਣ ਮਾਰ ਮੁਕਾਵਣ ਆਏ?
ਐਡਾ ਪਾਪ ਕਮਾਵਣ ਆਏ?
ਰਾਜ ਸੁੱਖਾਂ ਦੇ ਲਾਲਚ ਕਾਰਣ
ਲੱਗਾ ਸਾਂ ਮੈਂ ਸੱਜਣ ਮਾਰਣ।

**46**

ਬੇ-ਹਥਿਆਰੇ ਨੂੰ ਜੇ ਭਗਵਨ!
ਕੌਰਵ ਮੈਨੂੰ ਰਣ ਵਿਚ ਮਾਰਣ
ਇਸ ਥੋਂ ਚੰਗਾ ਹੋਰ ਕੀ ਲੋੜਾਂ
ਐਸੀ ਮੌਤ ਕਦੇ ਨ ਮੋੜਾਂ।

**47**

*ਸੰਜਯ ਉਵਾਚ!*

ਇਤਨੇ ਵਾਕ ਬੋਲ ਕੇ ਅਰਜੁਨ
ਬੈਠ ਗਿਆ ਰੱਥ ਵਿਚ ਹੇ ਰਾਜਨ!
ਮੋਹ ਬਸ ਹੋ ਪਾਰਥ ਘਬਰਾਵੇ
ਹਥੋਂ ਧਨੁਸ਼ ਖਿਸਕਦਾ ਜਾਵੇ।

ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ
ਬ੍ਰਹਮਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ
ਸੰਵਾਦ ਦਾ ਅਰਜੁਨ ਵਿਸ਼ਾਦ ਯੋਗ ਨਾਮ ਦਾ
ਪਹਿਲਾ ਅਧਿਆਇ ਸਮਾਪਤ ਹੋਇਆ।

# ਦੂਜਾ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸਾਂਖ ਯੋਗ

**1**

*ਸੰਜਯ ਉਵਾਚ!*

ਮੋਹ ਵਿਚ ਫਸਿਆ ਵਿਆਕੁਲ ਹੋਇਆ
ਅਰਜੁਨ ਨੈਣ ਨੀਰ ਭਰ ਹੋਇਆ
ਤਦ ਸ਼੍ਰੀ ਮਧੁਸੂਦਨ ਫ਼ਰਮਾਇਆ
ਅਰਜੁਨ ਨੂੰ ਇਹ ਬਚਨ ਸੁਣਾਇਆ।

**2**

*ਸ਼੍ਰੀ ਭਗਵਾਨ ਉਵਾਚ!*

ਇਹ ਮੋਹ ਅਰਜੁਨ ਕਿੱਧਰੋਂ ਆਇਆ?
ਔਖੇ ਸਮੈ ਤੂੰ ਮਨ ਭਰਮਾਇਆ
ਭਲੇ ਪੁਰਸ਼ ਤਿਆਗਨ ਮੋਹ ਤਾਈਂ
ਆਰਯ ਨੂੰ ਮੋਹ ਫਬਦਾ ਨਾਹੀਂ
ਜੇ ਮੋਹ ਕਰੇਂ ਸਵੱਰਗ ਨ ਜਾਵੇਂ
ਪਾਰਥ ਯੱਸ ਕੀਰਤਿ ਨ ਪਾਵੇਂ।

**3**

ਤਿਆਗ ਕਾਇਰਤਾ ਗਲ਼ ਕਰ ਚੱਜ ਦੀ
ਕਾਇਰਤਾ ਤੈਨੂੰ ਨਹੀਂ ਸਜਦੀ
ਛੱਡ ਚੰਦਰੀ ਕਮਜ਼ੋਰੀ ਦਿਲ ਦੀ
ਉੱਠ ਪਰੰਤਪ! ਉੱਠ ਤੂੰ ਜਲਦੀ।

*ਅਰਜੁਨ ਉਵਾਚ!*

ਭੀਸ਼ਮ ਦ੍ਰੋਣ ਸਾਹਮਣੇ ਮੇਰੇ
ਪੂਜਾ ਕਰਨ ਯੋਗ ਨੇ ਜੇਹੜੇ
ਕੀਕਣ ਏਧਰ ਤੀਰ ਚਲਾਵਾਂ
ਕਿਸਦੇ ਨਾਲ ਮੈਂ ਯੁੱਧ ਰਚਾਵਾਂ

**5**

ਮਹਾਂ ਭਾਵ ਗੁਰੂ ਮੈਂ ਨਾ ਮਾਰਾਂ
ਭਿੱਖਿਆ ਮੰਗ ਮੰਗ ਉਮਰ ਗੁਜ਼ਾਰਾਂ

ਰਣ ਵਿਚ ਮਾਰ ਮੈਂ ਪੂਜਨ ਜੋਗਾਂ
ਲਹੂ ਵਿਚ ਲਿਬੜੇ ਭੋਗ ਨਾ ਭੋਗਾਂ।

6

ਜੇਤ ਕੌਰਵਾਂ ਦੀ ਯਾ ਮੇਰੀ
ਪਤਾ ਨਹੀਂ ਗੱਲ ਚੰਗੀ ਕੇਹੜੀ
ਮਾਰ ਜਿਨ੍ਹਾਂ ਕੀ ਜਿਊਂਕੇ ਲੈਨਾ
ਖੜੀ ਸਾਹਮਣੇ ਕੌਰਵ ਸੈਨਾ।

7

ਮੋਹ ਵਸ ਹੋ ਦਿਲ ਡੋਲੇ ਮੇਰਾ
ਨ ਕੁਝ ਸਮਝਾਂ, ਧਰਮ ਹੈ ਕੇਹੜਾ?
ਸੋਚ ਸਮਝ ਸ਼ੁਭ ਮਾਰਗ ਲਾਉ
ਸ਼ਿਸ਼ ਨੂੰ ਧਰਮ ਉਪਦੇਸ਼ ਸੁਣਾਉ।

8

ਜੇ ਧਰਤੀ ਦਾ ਰਾਜ ਮੈਂ ਪਾਵਾਂ
ਦੇਵਤਿਆਂ ਤੇ ਹੁਕਮ ਚਲਾਵਾਂ
ਤਾਂਵੀਂ ਸੁਖ ਮੈਂ ਪਾਣਾ ਨਾਹੀਂ
ਸ਼ੋਕ ਦਿਲੇ ਦਾ ਜਾਣਾ ਨਾਹੀਂ
ਸ਼ੋਕ ਮੇਰਾ ਅਤਿਅੰਤ ਨਿਆਰਾ
ਇੰਦ੍ਰੀਆਂ ਨੂੰ ਸੁਕਾਵਣ ਹਾਰਾ।

9

*ਸੰਜਯ ਉਵਾਚ!*

ਅਰਜੁਨ ਇਹ ਗੱਲ ਕਰਕੇ ਸਾਰੀ
ਬੋਲਿਆ ਹੇ ਸ਼੍ਰੀ ਕ੍ਰਿਸ਼ਨ ਮੁਰਾਰੀ!
ਮੈਂ ਨਹੀਂ ਲੜਨਾ ਰਣ ਵਿਚ ਜਾ ਕੇ
ਚੁਪ ਸਾਧ ਲਈ ਅਰਜ਼ ਸੁਣਾਕੇ।

10

ਵਿਆਕੁਲ ਦੁਖੀ ਹੋਇਆ ਜਦ ਅਰਜੁਨ
ਦੋ ਸੈਨਾ ਵਿਚਕਾਰ ਹੇ ਰਾਜਨ!
ਮੁਸਕਾਏ ਸ਼੍ਰੀ ਕ੍ਰਿਸ਼ਨ ਮੁਰਾਰੀ
ਫਿਰ ਮੁਖ ਥੋਂ ਬੋਲੇ ਗਿਰਧਾਰੀ।

ਸ਼੍ਰੀ ਭਗਵਾਨ ਉਵਾਚ!

ਸੋਚਨ ਯੋਗ ਹੀ ਜੋ ਗੱਲ ਨਾਹੀਂ
ਚਿੰਤਾ ਸੋਚ ਕਰੇਂ ਉਸ ਤਾਈਂ
ਬੇ-ਸਮਝਾਂ ਵਾਙੂੰ ਫੜ ਮਾਰੇਂ
ਸੁਣ ਅਰਜੁਨ ਜੇ ਤੱਤ ਵਿਚਾਰੇਂ
ਜੀਵਨ ਯਾ ਮਰ ਜਾਵਣ ਪਰਾਣੀ
ਤਿਸ ਦਾ ਸ਼ੋਕ ਨ ਕਰਦੇ ਗਿਆਨੀ।

12

ਮੈਂ, ਤੂੰ ਤੇ ਇਹ ਰਾਜੇ ਅਰਜੁਨ
ਪਹਿਲੋਂ ਏਥੇ ਕਦੀ ਨਹੀਂ ਸਨ
ਯਾ ਇਹ ਸਭ ਅਗੋਂ ਨਹੀਂ ਆਣੇ
ਗਿਆਨੀ ਇਹ ਗੱਲ ਮਿੱਥਿਆ ਜਾਣੇ।

13

ਬਾਲਕ ਜਿਵੇਂ ਜਵਾਨ ਹੋ ਜਾਵੇ
ਦੇਹ ਨੂੰ ਫੇਰ ਬੁਢਾਪਾ ਆਵੇ
ਤਿਵੇਂ ਫੇਰ ਸਭ ਪਰਾਨੀ ਮਰਦੇ
ਗਿਆਨੀ ਤਿਸ ਦਾ ਸ਼ੋਕ ਨ ਕਰਦੇ।

14

ਮਾਤ੍ਰਾ-ਇੰਦ੍ਰੀਆਂ ਜਦ ਅਰਜੁਨ
ਸ਼ਬਦ ਆਦਿਕ ਵਿਸ਼ਿਆਂ ਨਾਲ ਛੋਹਨ
ਤਦ ਫਿਰ ਓਸ ਸਪ੍ਰਸ਼ ਥੋਂ ਬਣਦੇ
ਸਰਦੀ ਗਰਮੀ ਸੁਖ ਦੁਖ ਤਨਦੇ
ਇਹ ਸਭ ਨਾਸ਼ਵਾਨ ਕਹਿਲਾਵਣ
ਪਲ ਵਿਚ ਆਵਣ, ਪਲ ਵਿਚ ਜਾਵਣ
ਸਮਝ ਤੱਤ ਦੀ ਗੱਲ ਨੂੰ ਅਰਜਨ!
ਸੁਖ ਦੁਖ ਸਾਰੇ ਝੱਲ ਤੂੰ ਅਰਜੁਨ!

15

ਸੁਖ ਦੁਖ ਵਿਚ ਨਾ ਪੀੜ ਪਛਾਣੇ
ਸੁਖ ਦੁਖ ਨੂੰ ਇੱਕ ਸਮ ਜੋ ਜਾਣੇ
ਸੁ ਨਰ ਧੀਰਜਵਾਨ ਕਹਾਵੇ

ਸੁ ਨਰ ਮੋਖਯ ਮਾਰਗ ਵਲ ਜਾਵੇ।

**16**

ਜੋ ਨਹੀਂ, ਉਸ ਕਦੀ ਹੋ ਨ ਜਾਣਾ
ਜੋ ਹੈ, ਉਸ ਨੇ ਨਾਸ਼ ਨ ਪਾਣਾ
ਇਹ ਗੱਲ ਤਤਵ ਗਿਆਨੀ ਜਾਨਣ
ਸਤਯ ਅਸਤਯ ਦਾ ਭੇਦ ਪਛਾਨਣ।

**17**

ਵਿਆਪ ਰਿਹਾ ਵਿਚ ਸਰਬ ਜਹਾਨੀ
ਉਸ ਨੂੰ ਤੂੰ ਅਬਿਨਾਸ਼ੀ ਜਾਣੀ
ਨਾਸ਼ ਕਰੇ ਅਬਿਨਾਸ਼ੀ ਤਾਈਂ
ਕਿਸੇ ਵੀ ਐਸੀ ਸਮਰਥ ਨਾਹੀਂ।

**18**

ਆਤਮਾ ਨਾਸ਼ ਰਹਿਤ ਸਦਵਾਵੇ
ਨਿੱਤ ਰਹੇ, ਥਾਪਿਆ ਨ ਜਾਵੇ
ਨਾਸ਼ਵਾਨ ਇਹ ਦੇਹ ਸ਼ਰੀਰ
ਤਾਂ ਉੱਠ, ਲੜ ਹੇ ਪਾਰਥ ਬੀਰ।

**19**

ਜੋ ਇਹਨੂੰ ਮਾਰਨ ਵਾਲਾ ਜਾਨਣ
ਯਾ ਮਰ ਜਾਵਣ ਵਾਲਾ ਮੰਨਣ
ਦੋਵੇਂ ਨੇ ਅਗਿਆਨੀ ਭਾਰੇ
ਕਦੀ ਆਤਮਾ ਮਰੇ ਨ ਮਾਰੇ।

**20**

ਨ ਇਹ ਜਨਮੇ, ਨ ਇਹ ਮਰੇ
ਨ ਇਹ ਜਨਮ ਮਰਨ ਦੁਖ ਜਰੇ
ਸੱਤ ਸਨਾਤਨ ਸਦਾ ਹੀ ਰਹਿੰਦਾ
ਨਿੱਤ ਅਜਨਮਾ ਜਨਮ ਨ ਲਹਿੰਦਾ
ਜੇਕਰ ਮਾਰ ਦਈਏ ਦੇਹ ਤਾਂਈਂ
ਤਦ ਵੀ ਆਤਮਾ ਮਰਦਾ ਨਾਹੀਂ।

**21**

ਜੋ ਇਸ ਨੂੰ ਅਬਿਨਾਸ਼ੀ ਜਾਣੇ

ਨਿਰ ਵਿਕਾਰ ਤੇ ਅਜਰ ਪਛਾਣੇ
ਸੋ ਨਰ ਦਸ ਹੇ ਪਾਰਥ ਪਿਆਰੇ!
ਕੀਕਣ ਆਪ ਮਰੇ ਯਾ ਮਾਰੇ।

22

ਫਟੇ ਪੁਰਾਣੇ ਬਸਤਰ ਲਾਂਹਦੇ
ਨਵੇਂ ਜਿਵੇਂ ਲੋਕੀ ਫਿਰ ਪਾਂਦੇ
ਤਿਵੇਂ ਆਤਮਾ ਦੇਹ ਛੱਡ ਜਾਵੇ
ਚੋਲਾ ਬਦਲ ਨਵੀਂ ਦੇਹ ਪਾਵੇ।

23

ਸ਼ਸਤਰ ਮਾਰਿਆਂ ਮਰਦਾ ਨਾਹੀਂ
ਆਤਮਾ ਅੱਗ ਵਿਚ ਸੜਦਾ ਨਾਹੀਂ
ਗਲਦਾ ਨਹੀਂ ਪਾਣੀ ਵਿਚ ਪੈ ਕੇ
ਸੁੱਕਦਾ ਨਹੀਂ ਵਾਯੂ ਵਿਚ ਰਹਿਕੇ।

24

ਨ ਇਹ ਸੜੇ, ਨ ਕੱਟਿਆ ਜਾਵੇ
ਨਾ ਇਹ ਗਲਣ ਸੁੱਕਣ ਵਿਚ ਆਵੇ
ਪਾਰਥ ਆਤਮਾ ਨਿੱਤ ਕਹਾਂਦਾ
ਸਭ ਜੂਨਾਂ ਵਿਚ ਆਂਦਾ ਜਾਂਦਾ
ਆਤਮਾ ਥਿਰ ਇਕ ਥਾਂਵਾਂ ਅਰਜੁਨ
ਆਤਮਾ ਹੈ ਇਹ ਅਚੱਲ-ਸਨਾਤਨ।

25

ਇੰਦ੍ਰੀਆਂ ਥੋਂ ਨ ਜਾਣਿਆ ਜਾਵੇ
ਮਨ ਦੇ ਚਿੰਤਨ ਵਿਚ ਨ ਆਵੇ
ਨ ਇਹ ਆਤਮਾ ਕਦੇ ਬਦਲਦਾ
ਦੱਸ ਖਾਂ! ਸ਼ੋਕ ਕਰੇਂ ਕਿਸ ਗੱਲ ਦਾ?

26

ਜੇ ਤੇਰੇ ਮੰਨਣ ਵਿਚ ਆਵੇ
ਨਿੱਤ ਏ ਜੰਮੇ ਤੇ ਮਰ ਜਾਵੇ
ਤਦ ਵੀ ਸੁਣ ਹੇ ਪਾਰਥ ਮੇਰੇ
ਕਰਨਾ ਸ਼ੋਕ ਯੋਗ ਨਹੀਂ ਤੇਰੇ।

27
ਜੋ ਜੰਮਿਆਂ, ਓੜਕ ਮਰ ਜਾਣਾ
ਜੋ ਮਰਿਆ, ਫਿਰ ਜਨਮ ਉਸ ਪਾਣਾ
ਜੰਮਣ ਮਰਨ ਕਦੇ ਨਹੀਂ ਟਲਨਾ
ਐਸੀ ਗੱਲ ਦਾ ਸ਼ੋਕ ਕੀ ਕਰਨਾ।

28
ਮਰਿਆਂ ਬਾਦ, ਜਨਮ ਥੋਂ ਪਹਿਲੋਂ
ਰਹੇ ਅਵਯਕਤ ਸਦਾ ਬਿਨ ਸ਼ਕਲੋਂ
ਵਿਚਲੀ ਹਾਲਤ ਵਯਕਤ ਕਹਾਵੇ
ਆਤਮਾ ਸ਼ਕਲ ਬਣੇ ਦੇਹ ਪਾਵੇ
ਇਹ ਗੱਲ ਜਾਣ ਸ਼ੋਕ ਨ ਕਰ ਤੂੰ
ਅਰਜੁਨ ਧਰਮ-ਯੁੱਧ ਉੱਠ ਲੜ ਤੂੰ।

29
ਅਸਲ ਤੱਤ ਨੂੰ ਕਦੇ ਨ ਪੇਖਣ
ਆਤਮਾ ਨੂੰ ਕਈ ਅਚਰਜ ਵੇਖਣ
ਕਹਿਣ ਸੁਣਨ ਅਚਰਜ ਕਈ ਜਿਸਨੂੰ
ਸੁਣ ਕੇ ਵੀ ਸਮਝਣ ਨ ਇਸ ਨੂੰ।

30
ਹਰ ਦੇਹ ਵਿਚ ਜੋ ਆਤਮਾ ਵਾਸੀ
ਹੇ ਅਰਜੁਨ! ਓਹ ਹੈ ਅਬਿਨਾਸ਼ੀ
ਭੂਤ ਪ੍ਰਾਣੀ ਨਾਮ ਜਿਨ੍ਹਾਂ ਦਾ
ਕਿਉਂ ਕਰਨਾ ਏ ਸ਼ੋਕ ਤਿਨ੍ਹਾਂ ਦਾ।

31
ਜੇ ਤੂੰ ਅਪਨਾ ਧਰਮ ਵਿਚਾਰੇਂ
ਕਿਉਂ ਕੰਬੇਂ ਕਿਉਂ ਹੌਸਲਾ ਹਾਰੇਂ
ਧਰਮ ਯੁੱਧ ਵਿਚ ਤੇਜ ਵਖਾਵੇਂ
ਸ਼ੱਤ੍ਰੀ ਹੋ ਕੇ ਹੋਰ ਕੀ ਚਾਹਵੇਂ।

32
ਭਾਗ-ਵਾਨ ਸ਼ੱਤ੍ਰੀ ਕਹਿਲਾਵਣ
ਧਰਮ ਯੁੱਧ ਵਿਚ ਜੋ ਕੋਈ ਆਵਣ

ਬਿਨ ਮੰਗੇ, ਹੇ ਪਾਰਥ ਪਿਆਰੇ।
ਤੈਨੂੰ ਖੁਲ੍ਹ ਗਏ ਸਵਰਗ ਦਵਾਰੇ।

33

ਜੇ ਹੁਣ ਯੁੱਧ ਕਰਣ ਥੋਂ ਨੱਸੇਂ
ਧਰਮ ਯੁੱਧ ਵਿਚ ਲੜਨ ਥੋਂ ਨੱਸੇਂ
ਸਭ ਵਡਿਆਈ ਧਰਮ ਗਵਾਂਵੇਂ
ਹੇ ਪਾਰਥ ਪਾਪੀ ਸਦਵਾਂਵੇ।

34

ਲੋਕ ਕਰਨਗੇ ਨਿੰਦਿਆ ਤੇਰੀ
ਨਿੰਦਿਆ ਨਾਲੋਂ ਮੌਤ ਚੰਗੇਰੀ
ਪਾਰਥ ਧਰਮ ਯੁੱਧ ਵਿਚ ਲੜ ਤੂੰ
ਜਸ ਹੋਵੇਗਾ, ਹਿੰਮਤ ਕਰ ਤੂੰ।

35

ਸੂਰ ਬੀਰ ਆਖਣਗੇ ਸਾਰੇ
ਰਣ ਥੋਂ ਨੱਸਿਆ ਡਰਦੇ ਮਾਰੇ
ਜੋ ਸਭ ਅਜ ਤੈਨੂੰ ਵਡਿਆਵਣ
ਓਹੋ ਕਾਇਰ ਫੇਰ ਬੁਲਾਵਣ।

36

ਜੋ ਨੇ ਵੈਰੀ ਦੁਸ਼ਮਣ ਤੇਰੇ
ਨਿੰਦਸਣ ਤੈਨੂੰ ਪਾਰਥ ਮੇਰੇ
ਬੁਰਾ ਬੋਲ ਦਿਲ ਸਾੜਨ ਤੇਰਾ
ਇਸ ਥੋਂ ਹੋਰ ਕੀ ਦੁਖ ਵਧੇਰਾ।

37

ਜੇ ਤੂੰ ਮਰੇਂ ਸਵੱਰਗੀ ਜਾਵੇਂ
ਜੇ ਜਿੱਤੇਂ ਤੇ ਰਾਜ ਕਮਾਵੇਂ
ਕੁੰਤੀ ਨੰਦਨ! ਉੱਠ ਲੜਨ ਨੂੰ
ਉੱਠ ਪਾਰਥ ਹੁਣ ਯੁੱਧ ਕਰਨ ਨੂੰ।

38

ਜੇਤ ਹਾਰ ਲਾਭ ਤੇ ਹਾਨੀ
ਸੁਖ ਦੁਖ ਸਭ ਇਕ ਸਮ ਤੂੰ ਜਾਨੀ

ਐਸਾ ਜਾਣ ਜੇ ਯੁੱਧ ਲੜੇਂਗਾ
ਤਾਂ ਤੂੰ ਕੋਈ ਨ ਪਾਪ ਕਰੇਂਗਾ।

39

ਇਹ ਨੇ ਸਾਂਖ ਯੋਗ ਦੀਆਂ ਰਾਹਵਾਂ
ਹੁਣ ਸੁਣ ਕਰਮ ਯੋਗ ਸਮਝਾਵਾਂ
ਕਰਮ ਯੋਗ ਵਿਚ ਜੇ ਚਿਤ ਲਾਵੇਂ
ਕਰਮ ਬੰਧਨਾਂ ਤੋਂ ਛੁਟ ਜਾਵੇਂ

40

ਛੋਹਯਾ ਯੋਗ ਨ ਨਿਸਫਲ ਜਾਵੇ
ਕਦੇ ਨ ਇਹ ਉਲਟਾ ਫਲ ਲਿਆਵੇ
ਯੋਗ ਦਾ ਥੋੜਾ ਹੀ ਅਭਿਆਸ
ਬੜੇ ਬੜੇ ਭੈਅ ਕਰਦਾ ਏ ਨਾਸ।

41

ਹੇ ਅਰਜੁਨ! ਜੋ ਨਰ ਨੇ ਯੋਗੀ
ਸਭਨਾਂ ਦੀ ਹੈ ਇਕ ਰਸ ਬੁੱਧੀ
ਡਾਵਾਂ ਡੋਲ ਨੇ ਚਿਤ ਜਿਨ੍ਹਾਂ ਦੇ
ਅੱਡੋ ਅੱਡਰੇ ਰਾਹ ਤਿਨ੍ਹਾਂ ਦੇ।

42

ਵੇਦ ਨੂੰ ਨ ਸਮਝਣ ਅਗਿਆਨੀ
ਆਖਣ ਫੁਲਾਂ ਭਰੀਏ ਬਾਣੀ
ਇਹ ਸਮਝਾਵਣ ਖਲਕਤ ਤਾਈਂ
ਕਰਮੋ ਪਰੇ ਹੋਰ ਕੁਝ ਨਾਹੀਂ।

43

ਕਾਮ ਵਿਚ ਓਹ ਲੀਨ ਨੇ ਪ੍ਰਾਨੀ
ਸਵੱਰਗ ਦੇ ਸੁਫਨੇ ਲੈਣ ਅਗਿਆਨੀ
ਮੂਰਖ ਸਭ ਕੁਝ ਕਰਮ ਨੂੰ ਜਾਨਣ
ਕਰਮਾਂ ਦਾ ਫਲ ਜਨਮ ਨੂੰ ਜਾਨਣ
ਭੋਗ ਪਦਾਰਥ ਨੂੰ ਓਹ ਤਰਸਣ
ਕਈ ਕਈ ਕਰਮ ਕਰੋ ਇਹ ਦੱਸਣ।

44

ਭੋਗ ਪਦਾਰਥ ਵਿਚ ਫਸ ਜਾਂਦੇ
ਪਾਰਥ ਤਦ ਓਹ ਅਕਲ ਗਵਾਂਦੇ
ਬੁੱਧੀ ਤਿਨ੍ਹਾਂ ਦੀ ਥਾਂ ਥਾਂ ਵਗਦੀ
ਵਿਚ ਸਮਾਧੀ ਕਦੇ ਨ ਲੱਗਦੀ।

45

ਤਿੰਨ ਗੁਣ ਵੇਦਾਂ ਵਿਚ ਕਹੇ ਜਾਂਦੇ
ਸਤਿ, ਰਜ, ਤਮ ਗੁਣ ਨਾਮ ਤਿਨ੍ਹਾਂ ਦੇ
ਤਿੰਨਾਂ ਗੁਣਾਂ ਥੋਂ ਦੂਰ ਹੋ ਅਰਜੁਨ!
ਆਤਮਾ ਵਿਚ ਭਰਪੂਰ ਹੋ ਅਰਜੁਨ!
ਸੁਖ ਤੇ ਦੁਖ ਵਿਚ ਨ ਭਰਮਾਂਵੀਂ
ਦੁਵੰਦਾਂ ਵਿਚ ਤੂੰ ਮਨ ਨ ਲਾਵੀਂ
ਮੇਰ ਤੇਰ ਸਭ ਮਨੋ ਭੁਲਾ ਤੂੰ
ਆਤਮਾ ਦੇ ਵਿਚ ਧਿਆਨ ਲਗਾ ਤੂੰ।

46

ਜਿਵੇਂ ਅਰਜੁਨ ਇਕ ਛੋਟਾ ਏ ਸਰਵਰ
ਤੇ ਇਕ ਜਲ ਦਾ ਭਰਿਆ ਸਾਗਰ
ਪਿਆਸੇ ਦੋਆਂ ਥੋਂ ਪਿਆਸ ਬੁਝਾਵਣ
ਪਰ ਸਰ ਛੱਡ, ਸਾਗਰ ਨ ਜਾਵਣ
ਤਿਵੇਂ ਯੋਗੀ ਜਦ ਯੋਗ ਕਮਾਂਦੇ
ਪਾਰ ਬ੍ਰਹਮ ਵਿਚ ਲੀਨ ਹੋ ਜਾਂਦੇ
ਯੋਗ-ਸ੍ਰੋਵਰ ਦਾ ਜਲ ਚਖਦੇ
ਵੇਦ ਗਿਆਨ ਦੀ ਲੋੜ ਨ ਰੱਖਦੇ।

47

ਧਰਮ ਜਾਣ ਕਰਮਾ ਨੂੰ ਕਰ ਤੂੰ
ਫਲ ਭੋਗਣ ਵਲ ਧਿਆਨ ਨ ਧਰ ਤੂੰ
ਯਾ ਛੱਡ ਬੈਠੇਂ ਕਰਮਾਂ ਤਾਂਈਂ
ਇਹ ਵੀ ਤੈਨੂੰ ਵਾਜਬ ਨਾਹੀਂ।

48

ਕਰਮ ਯੋਗ ਵਿਚ ਚਿਤ ਨੂੰ ਲਾ ਦੇ
ਫਲ ਦੀ ਇੱਛਿਆ ਮਨੋ ਭੁਲਾ ਦੇ

ਹਾਰ ਜੇਤ ਵਿਚ ਚਿੱਤ ਨ ਧਰ ਤੂੰ
ਇਕ ਸਮ ਹੋ ਕੇ ਕਰਮ ਨੂੰ ਕਰ ਤੂੰ
ਸੁਖ ਦੁਖ ਵਿਚ ਇਕ ਸਮ ਹੋ ਜਾਣਾ
ਇਸ ਦਾ ਨਾਮ ਹੈ ਯੋਗ ਕਮਾਣਾ।

49

ਬਿਨ ਫਲ ਇੱਛਿਆ ਕਰਮ ਕਮਾਵੇ
ਬੁੱਧੀ ਯੋਗ ਸੋਈ ਨਰ ਪਾਵੇ
ਬੁੱਧੀ ਯੋਗ ਨਾਲੋਂ ਹੇ ਅਰਜੁਨ!
ਕਰਮ ਨੂੰ ਗਿਆਨੀ ਨੀਵਾਂ ਜਾਨਣ
ਬੁੱਧੀ ਯੋਗ ਦੀ ਸ਼ਰਣੀ ਆ ਤੂੰ
ਯੋਗੀ ਬਣਕੇ ਯੋਗ ਕਮਾ ਤੂੰ
ਜੋ ਕਰਮਾਂ ਦੇ ਫਲ ਨੂੰ ਚਾਂਹਦੇ
ਹੇ ਪਾਰਥ ਸੋ ਦੀਨ ਕਹਾਂਦੇ।

50

ਜੋ ਨਰ ਬੁੱਧੀ ਯੋਗ ਕਮਾਵੇ
ਉਹ ਸਭ ਪਾਪ ਪੁੰਨ ਛੱਡ ਜਾਵੇ
ਯੋਗ ਨਾਲ ਚਿਤ ਜੋੜ ਤੂੰ ਅਰਜੁਨ!
ਕਰਮ ਫਲੋਂ ਮਨ ਮੋੜ ਤੂੰ ਅਰਜੁਨ!
ਕਰਕੇ ਕਰਮ ਫਲਾਂ ਨੂੰ ਚਾਹਣਾਂ
ਇਸ ਥੋਂ ਚੰਗਾ ਯੋਗ ਕਮਾਣਾਂ।

51

ਗਿਆਨ-ਵਾਨ ਜਦ ਕਰਮ ਕਮਾਵਣ
ਕਰਮ ਕਰਣ ਪਰ ਫਲ ਨ ਚਾਹਵਣ
ਜਨਮ ਮਰਨ ਤੋਂ ਉਹ ਛੁਟ ਜਾਂਦੇ
ਤਦ ਉਹ ਪਰਮਾਨੰਦ ਨੂੰ ਪਾਂਦੇ।

52

ਹੇ ਅਰਜੁਨ! ਜਦ ਬੁੱਧੀ ਤੇਰੀ
ਲੰਘੇ ਮੋਹ ਜਿੱਲ੍ਹਣ ਇਕ ਵੇਰੀ
ਤਦ ਸੁਣੀਆਂ ਅਨਸੁਣੀਆਂ ਤਿਆਗੇ
ਬਣੇ ਵਿਵੇਕੀ ਸੁਤਾ ਜਾਗੇ।

53

ਵੇਦ ਗਿਆਨ ਦਾ ਭੇਦ ਨ ਪਾਯੋਂ
ਕੂੜੀਆਂ ਗਲਾਂ ਸੁਣ ਘਬਰਾਯੋਂ
ਜਣ ਬੁੱਧੀ ਤੇਰੀ ਥਿਰਤਾ ਪਾਵੇ
ਜਦ ਮਨ ਇਕ ਪਾਸੇ ਲਗ ਜਾਵੇ
ਤਦ ਤੂੰ ਨਾਲ ਬ੍ਰਹਮ ਜੁੜ ਜਾਵੇਂ
ਤਦ ਤੂੰ ਯੋਗ ਤੱਤ ਨੂੰ ਪਾਵੇਂ।

54

*ਅਰਜੁਨ ਉਵਾਚ!*

ਨਿਹਚਲ ਬੁੱਧੀ ਵਾਲੇ ਯੋਗੀ
ਜੋ ਥਿਰ ਰਹਿੰਦੇ ਵਿਚ ਸਮਾਧੀ
ਐਸੇ ਨਰਾਂ ਦੇ ਜੋ ਜੋ ਲੱਛਣ
ਖੋਲ੍ਹ ਕੇ ਸਮਝਾਓ ਹੇ ਭਗਵਨ!
ਚਿਤ ਜਿਨ੍ਹਾਂ ਦੇ ਮੂਲ ਨ ਡੋਲਣ
ਕੀਕਣ ਬੈਠਣ ਟੁਰਨ ਤੇ ਬੋਲਣ।

55

*ਸ੍ਰੀ ਭਗਵਾਨ ਉਵਾਚ!*

ਮਨ ਦੀਆਂ ਵਾਸ਼ਨਾ ਜੇ ਛੱਡ ਜਾਵੇ
ਆਤਮਾ ਵਿਚ ਜੋ ਧਿਆਨ ਲਗਾਵੇ
ਆਤਮਾ ਵਿਚ ਸੰਤੋਖ ਜੋ ਪਾਂਦਾ
ਸੋ ਨਰ ਥਿਰ ਬੁੱਧੀ ਸਦਵਾਂਦਾ।

56

ਦੁਖ ਵਿਚ ਜੋ ਘਬਰਾਵੇ ਨਾਹੀਂ
ਸੁਖ ਵਿਚ ਮਨ ਭਰਮਾਵੇ ਨਾਹੀਂ
ਮੋਹ, ਭੈਟ, ਕ੍ਰੋਧ ਨੂੰ ਜੋ ਛੱਡ ਜਾਂਦਾ
ਸੋ ਨਰ ਥਿਰ ਬੁੱਧੀ ਸਦਵਾਂਦਾ।

57

ਹਰ ਹਾਲਤ ਵਿਚ ਇਕ ਸਮ ਰਹਿੰਦੇ
ਚੰਗਾ, ਮੰਦਾ ਸਭ ਕੁਝ ਸਹਿੰਦੇ
ਸ਼ਾਦੀ ਵਿਚ ਖੁਸ਼ ਹੋਂਦੇ ਨਾਹੀਂ

ਭੀੜ ਪਵੇ ਤੇ ਰੋਂਦੇ ਨਾਹੀਂ
ਬਿਨ ਮੋਹ ਮਮਤਾ ਚਿਤ ਜਿਨ੍ਹਾਂ ਦੇ
ਥਿਰ ਬੁੱਧੀ ਸੋਈ ਸਦਵਾਂਦੇ।

*58*

ਜਿਵੇਂ ਕੱਛੂ ਸਭ ਅੰਗ ਲੁਕਾਂਦਾ
ਤਿਵੇਂ ਯੋਗੀ ਹੈ ਯੋਗ ਕਮਾਂਦਾ
ਇੰਦ੍ਰੀਆਂ ਨੂੰ ਵਸ ਵਿਚ ਕਰਦਾ
ਮਨ ਬ੍ਰਿਤੀ ਅੰਦਰ ਵਲ ਧਰਦਾ
ਪੂਰਣ ਯੋਗੀ ਪੂਰਨ ਗਿਆਨੀ
ਉਸ ਦੀ ਬੁੱਧੀ ਤੂੰ ਥਿਰ ਜਾਣੀ।

*59*

ਜਤੀ ਜਤੇਂਦ੍ਰੀ ਮਨ ਜਿਤ ਜਾਵਣ
ਇੰਦ੍ਰੀਆਂ ਸਭ ਰੋਕ ਰਖਾਵਣ
ਫੇਰ ਵੀ ਵਿਚੋਂ ਚਿਤ ਉਨ੍ਹਾਂ ਦੇ
ਵਿਸ਼ੈ ਵਾਸ਼ਨਾ ਵਿਚ ਭਰਮਾਂਦੇ
ਵਿਸ਼ੈ ਵਾਸ਼ਨਾ ਤਦ ਵਸ ਆਵੇ
ਜਦ ਚਿਤ ਬ੍ਰਹਮ ਨਾਲ ਜੁੜ ਜਾਵੇ।

*60*

ਇੰਦ੍ਰੀਆਂ ਜਦ ਵੇਗ ਵਖਾਵਣ
ਬੜੇ ਬੜੇ ਗਿਆਨੀ ਭੁਲ ਜਾਵਣ
ਕਰ ਕਰ ਯਤਨ ਜੋ ਮਨ ਨੂੰ ਮਾਰਨ
ਇੰਦ੍ਰੀਆਂ ਥੋਂ ਉਹ ਵੀ ਹਾਰਨ।

*61*

ਇੰਦ੍ਰੀਆਂ ਸਭ ਵਸ ਵਿਚ ਕਰ ਤੂੰ
ਪਾਰਥ ਧਿਆਨ ਮੇਰੇ ਵਲ ਧਰ ਤੂੰ
ਇੰਦ੍ਰੀਆਂ ਨੂੰ ਜੋ ਜਿਤ ਜਾਂਦਾ
ਸੋ ਨਰ ਥਿਰ ਬੁੱਧੀ ਸਦਵਾਂਦਾ।

*62*

ਵਿਸ਼ਿਆਂ ਵਿਚ ਜੋ ਪ੍ਰੀਤ ਲਗਾਂਦੇ
ਸੋ ਪ੍ਰਾਣੀ ਮੋਹ ਵਿਚ ਫਸ ਜਾਂਦੇ

ਮੋਹ ਵਿਚ ਫਸਿਆ ਕਾਮ ਸਤਾਵੇ
ਕਾਮੀ ਨਰ ਕ੍ਰੋਧੀ ਹੋ ਜਾਵੇ।

*63*

ਕ੍ਰੋਧ ਕੀਤਿਆਂ ਲੋਭ ਸਤਾਂਦਾ
ਲੋਭੀ ਦਾ ਚੇਤਾ ਫਿਰ ਜਾਂਦਾ
ਤਦ ਫਿਰ ਪ੍ਰਾਣੀ ਅਕਲ ਗਵਾਵਣ
ਅਕਲ ਗਵਾਇਆਂ ਨਸ਼ਟ ਹੋ ਜਾਵਣ।

*64*

ਰਾਗ ਦਵੇਸ਼ ਨੂੰ ਜੋ ਤਜ ਦੇਂਦੇ
ਇੰਦ੍ਰੀਆਂ ਨੂੰ ਵਸ ਕਰ ਲੈਂਦੇ
ਆਤਮਾ ਦੇ ਜੋ ਤੱਤ ਨੂੰ ਪਾਂਦੇ
ਵਿਸ਼ਿਆਂ ਵਿਚ ਨਹੀਂ ਲਗਨ ਲਗਾਂਦੇ
ਸੇਵਨ ਕਰਕੇ ਵਿਸ਼ਿਆਂ ਤਾਈਂ
ਬ੍ਰਹਮਾਨੰਦ ਨੂੰ ਛਡਦੇ ਨਾਹੀਂ।

*65*

ਜਦ ਚਿਤ ਪਰਮ ਸ਼ਾਂਤੀ ਪਾਂਦਾ
ਦੁਖਾਂ ਦਾ ਤਦ ਨਾਸ਼ ਹੋ ਜਾਂਦਾ
ਜੇ ਕੋਈ ਪਰਮ ਸ਼ਾਂਤੀ ਪਾਵੇ
ਉਸ ਦੀ ਬੁੱਧੀ ਥਿਰ ਹੋ ਜਾਵੇ।



*66*

ਡਾਂਵਾ ਡੋਲ ਨੇ ਚਿਤ ਜਿਨ੍ਹਾਂ ਦੇ

ਸੋ ਨਰ ਬੁੱਧੀ ਅਕਲ ਗਵਾਂਦੇ
ਹੇ ਪਾਰਥ ਜੋ ਅਕਲ ਗਵਾਵਣ
ਧਿਆਨ ਭਾਵਨਾ ਕੀਕਣ ਪਾਵਣ
ਧਿਆਨ ਬਿਨਾਂ ਨ ਸ਼ਾਂਤੀ ਆਵੇ
ਅਰਜੁਨ! ਸੋ ਨਰ ਸੁਖ ਨ ਪਾਵੇ।

67

ਸ਼ਹੁ ਦਰਿਆ ਜਦ ਠਾਠਾਂ ਮਾਰੇ
ਲਹਿਰਾਂ ਉੱਠਨ ਨਦੀ ਕਨਾਰੇ
ਘੁੰਮਣ ਘੇਰ ਤੁਫ਼ਾਨ ਨੇ ਆਂਦੇ
ਉਸ ਵਿਚ ਜਿਉਂ ਬੇੜੇ ਰੁੜ ਜਾਂਦੇ
ਤਿਵੇਂ ਇੰਦ੍ਰੀਆਂ ਮਨ ਡੋਲਾਵਣ
ਮਨ ਭਰਮਾ ਕੇ ਅਕਲ ਗਵਾਵਣ।

68

ਵਿਸ਼ਿਆਂ ਵਿਚ ਜੋ ਚਿਤ ਨ ਧਰਦੇ
ਇੰਦ੍ਰੀਆਂ ਨੂੰ ਵਸ ਵਿਚ ਕਰਦੇ
ਜੋ ਕੋਈ ਮਨ ਨੂੰ ਨਹੀਂ ਡੋਲਾਂਦੇ
ਸੋ ਨਰ ਥਿਰ ਬੁੱਧੀ ਸਦਵਾਂਦੇ

69

ਲੋਕੀ ਜਿਸ ਨੂੰ ਰਾਤ ਮਨਾਵਣ
ਕੰਮ ਕਾਰ ਛੱਡ ਸਭ ਸੌਂ ਜਾਵਣ
ਤਦ ਜਾਗੇ ਮਨ ਜਿੱਤਣ ਵਾਲਾ
ਉਸ ਨੂੰ ਨਜ਼ਰ ਪਵੇ ਉਜਿਆਲਾ
ਜਦ ਦਿਨ ਚੜਦਾ ਏ ਜਗ ਮਾਂਹੀਂ
ਰਾਤ ਹਨੇਰੀ ਮੁਨੀਆਂ ਤਾਂਈਂ।

70

ਨਦੀਆਂ ਵਗਣ ਸਮੁੰਦਰ ਤਾਂਈਂ
ਤਾਂ ਭੀ ਸਾਗਰ ਡੋਲੇ ਨਾਹੀਂ
ਥਿਰ ਬੁੱਧੀ ਸੋ ਉਪਮਾਂ ਪਾਵੇ

ਵਿਸ਼ਿਆਂ ਵਿਚ ਨ-ਮਨ ਡੋਲਾਵੇ
ਜੋ ਵਿਸ਼ਿਆਂ ਵਿਚ ਮਨ ਡੋਲਾਂਦੇ
ਸੋ ਨਰ ਪਰਮ ਗਤੀ ਨ ਪਾਂਦੇ।



71

ਵਿਸ਼ੈ ਵਾਸ਼ਨਾ ਥੋਂ ਮਨ ਮੋੜੇ
ਖੁਦੀ ਤਿਆਗ ਹੰਕਾਰ ਨੂੰ ਤੋੜੇ
ਮਨ ਜਿਤ ਬੇ-ਪ੍ਰਵਾਹ ਹੋ ਜਾਂਦਾ
ਸੋ ਨਰ ਪਰਮ ਗਤੀ ਨੂੰ ਪਾਂਦਾ।

72

ਜਦ ਕੋਈ ਇਸ ਹਾਲਤ ਨੂੰ ਪਾਵੇ
ਬ੍ਰਹਮ ਵਿਖੇ ਤਦ ਲੀਨ ਹੋ ਜਾਵੇ
ਬ੍ਰਹਮ ਲੀਨ ਨਿਰਮੋਹ ਹੋ ਜਾਂਦਾ
ਬ੍ਰਹਮ ਗਿਆਨੀ ਓਹ ਸਦਵਾਂਦਾ
ਮਰਨ ਸਮੈਂ ਇਹ ਹਾਲਤ ਆਵੇ
ਤਦ ਓਹ ਗਿਆਨੀ ਸਵਰਗ ਨੂੰ ਜਾਵੇ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ*
*ਬ੍ਰਹਮਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ*
*ਅਰਜੁਨ ਸੰਵਾਦ ਦਾ ਅਰਜੁਨ ਸਾਂਖ ਯੋਗ*
*ਨਾਮ ਦਾ ਦੂਜਾ ਅਧਿਆਇ ਸਮਾਪਤ ਹੋਇਆ।*

# ਤੀਜਾ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਕਰਮ ਯੋਗ

1

*ਅਰਜੁਨ ਉਵਾਚ!*

ਕਰਮਾਂ ਥੋਂ ਜੇ ਕ੍ਰਿਸ਼ਨ ਮੁਰਾਰੀ!
ਗਿਆਨ ਉਤਮ ਸਮਝੋ ਗਿਰਧਾਰੀ!
ਹੇ ਕੇਸ਼ਵ! ਤਦ ਇਹ ਫਰਮਾਓ
ਕਿਉਂ ਫਿਰ ਘੋਰ ਕਰਮ ਵਿਚ ਪਾਓ।

2

ਰਲੀ ਮਿਲੀ ਗਲ਼ ਤੁਸਾਂ ਸੁਣਾਈ
ਸੁਣ ਸੁਣ ਕੇ ਬੁੱਧੀ ਭਰਮਾਈ
ਜਿਸ ਰਾਹ ਭਲਾ ਮੇਰਾ ਹੁਣ ਪਾਓ
ਕਰ ਨਿਸਚੈ ਇਕ ਮਾਰਗ ਲਾਓ।

3

*ਸ਼੍ਰੀ ਭਗਵਾਨ ਉਵਾਚ!!*

ਪਹਿਲੋਂ ਆਦਿ ਵਿਚ ਵੀ ਅਰਜੁਨ
ਮੈਂ ਤਾਂ ਦੋ ਮਾਰਗ ਦੱਸੇ ਸਨ
ਗਿਆਨੀ ਗਿਆਨ ਦਾ ਰਸਤਾ ਲੋੜਨ
ਯੋਗੀ ਕਰਮਾਂ ਵਿਚ ਚਿਤ ਜੋੜਨ।

4

ਜੋ ਨਰ ਕਦੀ ਨ ਕਰਮ ਕਮਾਵੇ
ਕਿਵੇਂ ਤਿਆਗੀ ਓਹ ਸਦਵਾਵੇ
ਛੱਡ ਬਹਿਣਾ ਸਭ ਕਰਮਾਂ ਤਾਈਂ
ਇਸਦਾ ਨਾਮ ਤਿਆਗ ਤੇ ਨਾਹੀਂ।

5

ਕਰਮ ਕੀਤਿਆਂ ਬਿਨ, ਹੇ ਅਰਜੁਨ!
ਪ੍ਰਾਣੀ ਜੀ ਨਹੀਂ ਸਕਦੇ ਇਕ ਛਿਨ
ਤਿੰਨ ਗੁਣ ਮਾਇਆ ਦੇ ਅਖਵਾਂਦੇ
ਬਦੋ ਬਦੀ ਓਹ ਕਰਮ ਕਰਾਂਦੇ।

6

ਕਰਮ ਇੰਦ੍ਰੀਆਂ ਨੂੰ ਜੋ ਅਰਜੁਨ
ਜਿੱਤਣ, ਕਰਮ ਕਰਨ ਥੋਂ ਵਰਜਨ
ਪਰ ਵਿਚੋਂ ਵਿਚ ਚਿਤ ਜਿਨ੍ਹਾਂ ਦੇ
ਵਿਸ਼ੈ ਵਾਸ਼ਨਾਂ ਨੂੰ ਲਲਚਾਂਦੇ
ਜੋ ਮੂਰਖ ਇਉਂ ਚਿਤ ਭਰਮਾਵਣ
ਦੰਭੀ ਪਾਖੰਡੀ ਸਦਵਾਵਣ।

7

ਜੋ ਵਿਸ਼ਿਆਂ ਵਿਚ ਮਨ ਨ ਲਾਵਣ
ਇੰਦ੍ਰੀਆਂ ਨੂੰ ਜੋ ਜਿੱਤ ਜਾਵਣ
ਹੋ ਨਿਰਮੋਹ ਜੋ ਕਰਮ ਕਮਾਂਦੇ
ਸੋ ਤਿਆਗੀ ਉਤਮ ਸਦਵਾਂਦੇ।

8

ਵੇਹਲੇ ਬਹਿਣਾ ਸਮਾਂ ਗਵਾਣਾ
ਇਸ ਥੋਂ ਚੰਗਾ ਏ ਕਰਮ ਕਮਾਣਾ
ਕੀਤਿਆਂ ਬਾਝ ਨਹੀਂ ਕੁਝ ਬਣਦਾ
ਪੂਰਾ ਹੋਵੇ ਨ ਧੰਦਾ ਤਨ ਦਾ
ਨਿੱਤ ਨੇਮ ਵਲ ਮਨ ਚਿਤ ਧਰ ਤੂੰ
ਅਰਜੁਨ ਨਿੱਤ ਕਰਮ ਸਭ ਕਰ ਤੂੰ।

9

ਜੋ ਕੰਮ ਈਸ਼ਵਰ ਅਰਪਣ ਨਾਹੀਂ
ਬੰਧਨ ਜਾਣ ਤੂੰ ਆਪਣੇ ਤਾਈਂ
ਈਸ਼ਵਰ ਅਰਪਣ ਕਰਮ ਕਮਾ ਤੂੰ
ਫਲ ਦੀ ਇੱਛਿਆ ਮਨੋ ਭੁਲਾ ਤੂੰ।

10

ਸ੍ਰਿਸ਼ਟੀ ਦੀ ਸਭ ਖੇਡ ਰਚਾ ਕੇ
ਯੱਗ ਸਹਿਤ ਸ੍ਰਿਸ਼ਟੀ ਉਪਜਾ ਕੇ
ਬ੍ਰਹਮਾ ਨੇ ਇਹ ਗਲ਼ ਫਰਮਾਈ
ਯੱਗ ਕਰਨ ਵਿਚ ਹੈ ਵਡਿਆਈ
ਕਰਮ ਕਰੋ ਮਾਲਕ ਦੇ ਨਾਂ ਦੇ

ਕੀਤਿਆਂ ਸਭੋ ਫਲ ਮਿਲ ਜਾਂਦੇ
ਯੱਗ ਕਰਮ ਦਾ ਤੱਤ ਪਛਾਣੋ
ਕਾਮਧੇਨ ਇਸ ਯੱਗ ਨੂੰ ਜਾਣੋ।

11

ਯੱਗ ਕਰਮ ਜਦ ਲੋਕ ਕਮਾਵਣ
ਦੇਵਤੇ ਵੀ ਪ੍ਰਸੰਨ ਹੋ ਜਾਵਣ
ਦੇਵਤਿਆਂ ਸੰਤੁਸ਼ਟ ਕਰਾਵੇਂ
ਤਦ ਅਰਜੁਨ ਕਲਿਆਨ ਤੂੰ ਪਾਵੇਂ।

12

ਦੇਵਤਿਆਂ ਜੋ ਭੋਗ ਲਗਾਂਦੇ
ਜੋ ਕੁਝ ਮੰਗਦੇ ਸੋ ਕੁਝ ਪਾਂਦੇ
ਯੱਗ ਕੀਤਿਆਂ ਬਿਨਾ ਜੋ ਖਾਵਣ
ਸੋ ਨਰ, ਅਰਜੁਨ! ਚੋਰ ਕਹਾਵਣ।

13

ਯੱਗੋਂ ਬਚਿਆ ਜੋ ਕੋਈ ਖਾਵੇ
ਓਹ ਸਭ ਪਾਪਾਂ ਥੋਂ ਛੁਟ ਜਾਵੇ
ਬਿਨ ਅਰਪਣ! ਜੋ ਭੋਗ ਲਗਾਵਣ
ਸਮਝੋ ਪਾਪ ਪੇਟ ਵਿਚ ਪਾਵਣ।

14

ਅੰਨ ਥੋਂ ਬਣਦੇ ਜੀਵ ਪ੍ਰਾਣੀ
ਅੰਨ ਉਪਜੇ ਬਰਸੇ ਜਦ ਪਾਣੀ
ਵਰਖਾ ਵਸਦੀ ਯੱਗ ਰਚਾਇਆਂ
ਯੱਗ ਰਚੀ ਦਾ ਕਰਮ ਕਮਾਇਆਂ।

15

ਬ੍ਰਹਮ ਮੂਲ ਹੈ ਸਭ ਕਰਮਾਂ ਦਾ
ਅਬਿਨਾਸ਼ੀ ਜੋ ਬ੍ਰਹਮ ਕਹਾਂਦਾ
ਸਰਵ ਵਿਆਪੀ ਘਟ ਘਟ ਵਾਸੀ
ਵਸੇ ਯੱਗ ਵਿਚ ਬ੍ਰਹਮ ਅਬਿਨਾਸੀ।

16

ਇਸ ਸੰਸਾਰੀ ਚੱਕਰ ਤਾਈਂ

ਹੇ ਅਰਜੁਨ! ਜੋ ਸਮਝੇ ਨਾਹੀਂ
ਜੋ ਇਸ ਤੱਤ ਤੇ ਅਮਲ ਨ ਕਰਦੇ
ਵਿਸ਼ੈ ਵਾਸ਼ਨਾ ਵਿਚ ਚਿਤ ਧਰਦੇ
ਕਰਮ ਬ੍ਰਹਮ ਦਾ ਭੇਤ ਨੇ ਪਾਂਦੇ
ਸੋ ਨਰ ਵਿਰਥਾ ਜਨਮ ਗਵਾਂਦੇ।

17

ਨਾਲ ਆਤਮਾ ਪ੍ਰੀਤ ਜੋ ਲਾਵੇ
ਆਤਮ ਸੁਖ ਨੂੰ ਸੋ ਨਰ ਪਾਵੇ
ਅਪਨੇ ਵਿਚ ਭਰਪੂਰ ਰਹੇ ਸੋ
ਕਰਮ ਬੰਧਨੋਂ ਦੂਰ ਰਹੇ ਸੋ।

18

ਆਤਮ ਗਿਆਨੀ ਭਗਤ ਜੋ ਪ੍ਰਭ ਦੇ
ਕਦੀ ਨ ਕਿਸੇ ਦਾ ਆਸਰਾ ਲਭਦੇ
ਕਰਨਾ, ਨ ਕਰਨਾ ਕਰਮਾਂ ਦਾ
ਗਿਆਨੀ ਨੂੰ ਇਕ ਸਮ ਹੋ ਜਾਂਦਾ।

19

ਨੇਮ ਕਰਮ ਨੂੰ ਸਦਾ ਕਰੀਂ ਤੂੰ
ਫਲ ਵਲ ਕਦੀ ਨ ਧਿਆਨ ਧਰੀ ਤੂੰ
ਬਿਨ ਫਲ ਇੱਛਿਆ ਕਰਮ ਕਮਾਂਦੇ
ਸੋ ਨਰ ਪਰਮ ਗਤੀ ਨੂੰ ਪਾਂਦੇ।

20

ਜਨਕ ਜਹੇ ਵੀ ਕਰਮ ਕਮਾਵਣ
ਕਰਮ ਕਰੇਂਦੇ ਮੁਕਤੀ ਪਾਵਣ
ਜਗਤ ਭਲਾਈਆਂ ਵਲ ਚਿਤ ਲਾ ਤੂੰ
ਪ੍ਰਭ ਦੇ ਨਾਂ ਤੇ ਕਰਮ ਕਮਾ ਤੂੰ।

21

ਜੋ ਕੰਮ ਭਲੇ ਪੁਰਸ਼ ਨੇ ਕਰਦੇ
ਸਭ ਲੋਕੀ ਉਸ ਰਾਹ ਨੂੰ ਫੜਦੇ
ਵੱਡੇ ਜੋ ਜੋ ਰੀਤ ਚਲਾਂਦੇ
ਦੁਨੀਆਂਦਾਰ ਮਗਰ ਲਗ ਜਾਂਦੇ।

22

ਤ੍ਰੈ ਲੋਕੀ ਵਿਚ ਥੋੜ ਨ ਮੈਂਨੂੰ
ਕਰਮ ਕਰਨ ਦੀ ਲੋੜ ਨ ਮੈਂਨੂੰ
ਸਭ ਸ੍ਰਿਸ਼ਟੀ ਦਾ ਮੈਂ ਵਾਂ ਸਾਂਈ
ਤਦ ਵੀ ਕਰਮ ਤਿਆਗੇ ਨਾਹੀਂ

23

ਜੇ ਮੈਂ, ਸੁਣ ਹੇ ਪਾਰਥ ਪਿਆਰੇ!
ਕਰਮ ਕਰਨ ਛੱਡ ਦੇਵਾਂ ਸਾਰੇ
ਲੋਕੀ ਮੇਰੀ ਰੀਸ ਕਰਨਗੇ
ਕਰਮਾਂ ਵਿਚ ਨਾ ਧਿਆਨ ਧਰਨਗੇ

24

ਜੇ ਤਿਆਗਾਂ ਮੈਂ ਕਰਮ ਹੇ ਪਿਆਰੇ!
ਲੋਕੀਂ ਕਰਮ ਤਿਆਗਣ ਸਾਰੇ
ਕਰਮਾ ਵਿਚ ਕੋਈ ਮਨ ਨ ਲਾਵੇ
ਕਰਮ ਹੀਨ ਜਗ ਨਾਸ਼ ਹੋ ਜਾਵੇ
ਵਰਨ ਮੇਟ ਜਗ ਵਿਚ ਸਦਵਾਵਾਂ
ਸ੍ਰਿਸ਼ਟੀ ਨਾਸ਼ਕ ਮੈਂ ਅਖਵਾਵਾਂ।

25

ਮੂਰਖ ਫਲ ਵਲ ਇੱਛਿਆ ਧਰਦੇ
ਜਿਉਂ ਫਲ ਕਾਰਣ ਕਰਮ ਨੂੰ ਕਰਦੇ
ਫਲ ਇੱਛਿਆ ਤਿਵੇਂ ਤਿਆਗਣ ਗਿਆਨੀ
ਕਰਮ ਕਰਨ ਨਿਸ਼ਕਾਮ ਓਹ ਪ੍ਰਾਣੀ।

26

ਗਿਆਨਵਾਨ ਜੋ ਪੁਰਖ ਕਹਾਵੇ
ਕਦੀ ਨ ਐਸਾ ਕਰਮ ਕਮਾਵੇ।
ਜਿਸ ਥੋਂ ਮੂਰਖ ਮਨ ਭਰਮਾਵਣ
ਕਰਮਾ ਥੋਂ ਬੇਮੁਖ ਹੋ ਜਾਵਣ
ਗਿਆਨੀ ਚਿਤ ਮੇਰੇ ਵਿਚ ਲਾਵੇ
ਬਿਨ ਫਲ ਇੱਛਿਆ ਕਰਮ ਕਮਾਵੇ
ਵੇਖਾ ਵੇਖੀ ਮੂਰਖ ਬੰਦੇ

ਰੁਝੇ ਰਹਿਣ ਕਰਮ ਦੇ ਧੰਦੇ।

27

ਪ੍ਰਕ੍ਰਿਤੀ ਮਾਇਆ ਹੇ ਪਿਆਰੇ!
ਗੁਣ ਵੱਸ ਕਰਮ ਕਰਾਵੇ ਸਾਰੇ
ਭੁੱਲ ਕੇ ਤੇ ਹੰਕਾਰ ਵਿਚ ਆ ਕੇ
'ਮੈਂ ਕਰਦਾ ਹਾਂ' ਪ੍ਰਾਣੀ ਆਖੇ।

28

ਗਿਆਨਵਾਨ ਜੋ ਗੁਣਾਂ ਨੂੰ ਜਾਨਣ
ਗੁਣ ਤੇ ਕਰਮ ਦਾ ਤੱਤ ਪਛਾਨਣ
ਜਾਨਣ ਗੁਣਾਂ ਦੇ ਵਿਚ ਗੁਣ ਵਸਦੇ
ਸੋ ਨਰ ਬੰਧਨ ਵਿਚ ਨਹੀਂ ਫਸਦੇ।

29

ਮੂਰਖ ਮਾਇਆ ਮੋਹ ਵਿਚ ਆਂਦਾ
ਕਰਮ ਗੁਣਾਂ ਵਿਚ ਓਹ ਫਸ ਜਾਂਦਾ
ਰੁਝਾ ਰਹਿੰਦਾ ਕਰਮਾਂ ਤਾਂਈਂ
ਅਸਲ ਤੱਤ ਨੂੰ ਸਮਝੇ ਨਾਹੀਂ
ਗਿਆਨੀ ਤਿਸ ਨੂੰ ਨ ਭਰਮਾਵੇ
ਭਰਮਾਂ ਵਿਚ ਕਦੇ ਨ ਪਾਵੇ।

30

ਕਰਮ ਅਰਪਣ ਕਰ ਮੇਰੇ ਤਾਂਈਂ
ਧਿਆਨ ਆਤਮਾ ਦੇ ਵਿਚ ਲਾਈਂ
ਆਸ਼ਾ ਤਜ ਹੰਕਾਰ ਨ ਕਰ ਤੂੰ
ਫਲ ਇੱਛਿਆ ਵਲ ਧਿਆਨ ਨ ਧਰ ਤੂੰ
ਸ਼ੋਕ ਤਿਆਗ ਮਨ ਤਾਪ ਗਵਾ ਦੇ
ਯੁੱਧ ਕਰਨ ਵਿਚ ਜ਼ੋਰ ਵਖਾ ਦੇ।

31

ਜੋ ਨਹੀਂ ਮੁਝ ਵਿਚ ਦੋਸ਼ ਪਰਖਦੇ
ਮੇਰੇ ਮਤ ਵਿਚ ਸ਼ਰਧਾ ਰੱਖਦੇ
ਮੇਰੇ ਮਾਰਗ ਕਦਮ ਵਧਾਂਦੇ
ਕਰਮ ਬੰਧਨਾਂ ਥੋਂ ਛੁਟ ਜਾਂਦੇ।

32

ਜੋ ਨਹੀਂ ਮੇਰੇ ਮਾਰਗ ਚਲਦੇ
ਦੋਸ਼ ਫੜਨ ਵਿਚ ਮੇਰੀ ਗੱਲ ਦੇ
ਸੋ ਮੂਰਖ ਮੁਝ ਨੂੰ ਨਹੀਂ ਪਾਂਦੇ
ਗਿਆਨ ਹੀਨ ਸੋ ਨਾਸ਼ ਹੋ ਜਾਂਦੇ।

33

ਪਾਪ ਪੁਨਯ ਪਿਛਲੇ ਜਨਮਾਂ ਦੇ
ਸਭ ਦੀ ਪ੍ਰਕ੍ਰਿਤੀ ਬਣ ਜਾਂਦੇ
ਪ੍ਰਕ੍ਰਿਤੀ ਕਾਰਣ ਹੇ ਪਿਆਰੇ!
ਗਿਆਨੀ ਕਰਮ ਕਮਾਵਣ ਸਾਰੇ
ਦੁਨੀਆਂ ਵਿਚ ਮੂਰਖ ਤੇ ਗਿਆਨੀ
ਪ੍ਰਕ੍ਰਿਤੀ ਵਸ ਨੇ ਸਭ ਪ੍ਰਾਣੀ
ਰੋਕ ਪਾਇਆਂ ਕੰਮ ਚਲਣਾ ਨਾਹੀਂ
ਕਰਮੋਂ ਕਿਸੇ ਵੀ ਟਲਨਾ ਨਾਹੀਂ

34

ਰਾਗ, ਦਵੇਸ਼, ਜੋ ਮਨ ਭਰਮਾਵਣ
ਇੰਦ੍ਰੀਆਂ ਦੇ ਵਿਸ਼ੈ ਕਹਾਵਣ
ਰਾਗ ਦਵੇਸ਼ ਦੇ ਵਸ ਨ ਆਵੀਂ
ਹੇ ਪਾਰਥ ਮਨ ਨ ਭਰਮਾਵੀਂ
ਇਹ ਅਤਿਅੰਤ ਨੀਚ ਹਤਿਆਰੇ
ਪ੍ਰਭ ਦੇ ਰਾਹ ਥੋਂ ਰੋਕਣ ਹਾਰੇ।

35

ਧਰਮ ਅਪਨੇ ਦਾ ਤੱਤ ਪਛਾਣੀਂ
ਸਭ ਧਰਮਾਂ ਥੋਂ ਉੱਤਮ ਜਾਣੀਂ
ਅਪਣੇ ਧਰਮ ਤੇ ਸੀਸ ਕਟਾਣਾ
ਇਸ ਥੋਂ ਵਧ ਕਲਿਆਨ ਕੀ ਚਾਹਣਾ
ਨੇਮ ਧਰਮ ਜੋ ਦੂਸਰਿਆਂ ਦਾ
ਓਹ ਮਾਰਗ ਫੜਿਆਂ ਭੈਅ ਆਂਦਾ।

**36**

ਅਰਜੁਨ ਉਵਾਚ!

ਜੀਵ ਪਾਪ ਕਰਨਾ ਨਹੀਂ ਚਾਂਹਦੇ
ਤਦ ਵੀ ਵਿਸ਼ਿਆਂ ਵਿਚ ਫਸ ਜਾਂਦੇ
ਹੇ ਮਾਧੋ! ਓਹ ਕੌਣ ਕਹਾਵੇ
ਬਦੋ ਬਦੀ ਜੋ ਪਾਪ ਕਰਾਵੇ।

**37**

ਸ਼੍ਰੀ ਭਗਵਾਨ ਉਵਾਚ।

ਕ੍ਰਿਸ਼ਨ ਮੁਰਾਰੀ ਕਹੇ ਹੇ ਅਰਜੁਨ!
ਕਾਮ, ਕ੍ਰੋਧ ਸਭ ਪਾਪ ਕਰਾਵਨ
ਕਾਮ, ਕ੍ਰੋਧ ਵੈਰੀ ਹਤਿਆਰੇ
ਰਜੁ ਗੁਣ ਵਿਚੋਂ ਉਪਜਨ ਸਾਰੇ।

**38**

ਧੂਏਂ ਵਿਚ ਅੱਗ ਜਿਉਂ ਲੁਕ ਜਾਵੇ
ਮਲ ਦਰਪਣ ਦਾ ਤੇਜ ਛੁਪਾਵੇ
ਗਰਭ ਜੇਵਰ ਵਿਚ ਨਜ਼ਰ ਨ ਆਂਦੇ
ਕਾਮ ਕ੍ਰੋਧ ਤਿਵੇਂ ਗਿਆਨ ਲੁਕਾਂਦੇ।

**39**

ਪਾਰਥ ਕਾਮਨਾ ਗਿਆਨ ਨੂੰ ਕੱਜਦੀ
ਬਲਦੀ ਅੱਗ ਵਾਂਗੂੰ ਨਹੀਂ ਰੱਜਦੀ
ਬੜੀ ਕਾਮਨਾ ਇਹ ਬਲਕਾਰੀ
ਬ੍ਰਹਮ ਗਿਆਨ ਦੀ ਵੈਰਨ ਭਾਰੀ।

**40**

ਕਾਮਨਾ ਦਾ ਹੈ ਕੌਣ ਬਸੇਰਾ
ਬੁੱਧੀ ਇੰਦ੍ਰੀਆਂ ਮਨ ਤੇਰਾ
ਬੁੱਧੀ ਇੰਦ੍ਰੀਆਂ ਮਨ ਕਾਰਣ
ਕਾਮਨਾ ਗਿਆਨ ਲੁਕਾਵੇ ਅਰਜੁਨ।

**41**

ਕਾਮਨਾ ਸਦਾ ਕੁਮਾਰਗ ਪਾਵੇ

ਗਿਆਨ ਅਤੇ ਵਿਗਿਆਨ ਭੁਲਾਵੇ
ਇੰਦ੍ਰੀਆਂ ਸਭ ਵੱਸ ਵਿਚ ਕਰ ਤੂੰ
ਫਿਰ ਇਸ ਪਾਪਣ ਦਾ ਘੁਟ ਭਰ ਤੂੰ।

**42**

ਜੇ ਅਰਜੁਨ ਤੂੰ ਤੱਤ ਪਛਾਣੇ
ਦੇਹ ਥੋਂ ਸੂਖ਼ਸ਼ਮ ਇੰਦ੍ਰੀਆਂ ਨੇ
ਇੰਦ੍ਰੀਆਂ ਥੋਂ ਮਨ ਸੂਖ਼ਸ਼ਮ ਵੇ
ਮਨ ਥੋਂ ਬੁੱਧੀ, ਅਗੋਂ ਬ੍ਰਹਮ ਵੇ।

**43**

ਬੁੱਧਿਉਂ ਪਰੇ ਬ੍ਰਹਮ ਨੂੰ ਜਾਣੀਂ
ਸਭ ਥੋਂ ਸੂਖ਼ਸ਼ਮ ਬ੍ਰਹਮ ਪਛਾਣੀਂ
ਪਾਰਥ ਆਤਮਾ ਨੂੰ ਥਿਰ ਕਰਕੇ
ਪਾਰਬ੍ਰਹਮ ਵਿਚ ਧਿਆਨ ਨੂੰ ਧਰ ਕੇ
ਕਾਮਨਾ ਰੂਪੀ ਸ਼ਤ੍ਰੂ ਮਾਰੀਂ
ਇਸ ਪਾਪਣ ਨੂੰ ਜੜ੍ਹੋਂ ਉਖਾੜੀਂ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ*
*ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ*
*ਅਰਜੁਨ ਸੰਵਾਦ ਦਾ ਕਰਮ ਯੋਗ ਨਾਮ*
*ਤੀਜਾ ਅਧਿਆਇ ਸਮਾਪਤ ਹੋਇਆ।*



# ਚੌਥਾ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਗਿਆਨ ਵਿਭਾਗ ਯੋਗ

**1**

*ਸ਼੍ਰੀ ਭਗਵਾਨ ਉਵਾਚ!*

ਨਾਸ਼ ਰਹਿਤ ਇਹ ਯੋਗ ਦਾ ਰਸਤਾ
ਮੈਂ ਸੀ 'ਵੈਵਸਵਨ' ਨੂੰ ਦੱਸਿਆ
ਵੈਵਸਵਨ ਥੋਂ 'ਮਨੂ' ਨੇ ਪਾਇਆ
'ਉਸ ਇਖਸ਼ਵਾਕੂ' ਨੂੰ ਸਮਝਾਇਆ।

**2**

ਇਕ ਦੂਜੇ ਥੋਂ ਇਹਨੀ ਰਾਹੀਂ
ਯੋਗ ਪਹੁੰਚਾਇਆ ਰਿਸ਼ੀਆਂ ਤਾਈਂ
ਫਿਰ ਜਦ ਬਹੁਤਾ ਸਮਾਂ ਵਿਹਾਇਆ
ਲੋਕਾਂ ਯੋਗ ਮਨੋ ਵਿਸਰਾਇਆ।

**3**

ਪਾਰਥ ਯੋਗ ਉਹ ਸਭ ਥੋਂ ਆਲਾ
ਉੱਤਮ ਗੂੜ੍ਹੀਆਂ ਰਮਜ਼ਾਂ ਵਾਲਾ
ਤੈਨੂੰ ਖੋਲ੍ਹ ਸੁਣਾਵਾਂ ਸਾਰਾ
ਮਿੱਤਰ ਵੇਂ ਤੇ ਭਗਤ ਪਿਆਰਾ!

**4**

*ਅਰਜੁਨ ਉਵਾਚ!*

ਆਪ ਤਾਂ ਹੁਣ ਸ੍ਰਿਸ਼ਟੀ ਵਿਚ ਆਏ
ਵੈਵਸਵਨ ਨੂੰ ਸਮੈ ਵਿਹਾਏ
ਕੀਕਣ ਜਾਣਾ ਜੋ ਫ਼ਰਮਾਇਆ
ਯੋਗ ਵੈਵਸਵਨ ਨੂੰ ਸਮਝਾਇਆ।

**5**

*ਸ਼੍ਰੀ ਭਗਵਾਨ ਉਵਾਚ!*

ਇਸ ਸ੍ਰਿਸ਼ਟੀ ਵਿਚ ਹੋਏ ਘਨੇਰੇ
ਕਈ ਜਨਮ ਤੇਰੇ ਤੇ ਮੇਰੇ
ਮੈਂ ਜਾਣਾ ਸਭ ਜਨਮਾਂ ਤਾਈਂ
ਤੂੰ ਇਸ ਤੱਤ ਨੂੰ ਸਮਝੇ ਨਾਹੀਂ

*6*

ਹੇ ਅਰਜੁਨ ! ਮੈਂ ਅਜਰ ਕਹਾਂਵਾਂ
ਅਬਿਨਾਸ਼ੀ ਈਸ਼ਵਰ ਸਦਵਾਵਾਂ
ਸਭ ਤ੍ਰੈਲੋਕੀ ਮਾਇਆ ਮੇਰੀ
ਸਭ ਸ੍ਰਿਸ਼ਟੀ ਤੇ ਛਾਇਆ ਮੇਰੀ
ਤਦ ਵੀ ਮੈਂ ਮਾਇਆ ਤੇ ਛਾਕੇ
ਜਨਮ ਲਵਾਂ ਸ੍ਰਿਸ਼ਟੀ ਵਿਚ ਆਕੇ।

*7*

ਧਰਮ ਲੋਪ ਜਦ ਹੋਣ ਤੇ ਆਵੇ
ਨੇਕੀ ਘਟੇ, ਪਾਪ ਵਧ ਜਾਵੇ
ਦੁਨੀਆਂ ਧਰਮ ਹੀਣ ਜਦ ਪਾਵਾਂ
ਤਦ ਮੈਂ ਆਪ ਜਨਮ ਲੈ ਆਵਾਂ।

*8*

ਸਾਧੂਆਂ ਦੀ ਮੈਂ ਰੱਖਿਆ ਕਾਰਣ
ਦੁਸ਼ਟ ਪਾਪੀਆਂ ਨੂੰ ਮੈਂ ਮਾਰਨ
ਜੁਗ ਜੁਗ ਵਿਚ ਹੇ ਅਰਜੁਨ ! ਆਂਵਾਂ
ਮੁੜ ਮੁੜ ਧਰਮ ਦਾ ਝੰਡਾ ਲਾਂਵਾਂ।

*9*

ਉਂਞ ਤਾਂ ਜਨਮ ਕਰਮ ਇਹ ਦਿਸਦਾ
ਪਰ ਡੂੰਘਾ ਇਕ ਮਰਮ ਹੈ ਇਸਦਾ
ਜੋ ਕੋਈ ਇਸ ਮਰਮ ਨੂੰ ਪਾਵੇ
ਜਨਮ ਮਰਨ ਥੋਂ ਸੋ ਛੁਟ ਜਾਵੇ।

*10*

ਕਾਮ ਕ੍ਰੋਧ ਭੈਅ ਨੂੰ ਜੋ ਤਿਆਗਣ
ਆਕੇ ਮੇਰੀ ਸ਼ਰਣੀ ਲਾਗਣ
ਮੇਰੇ ਬਣ ਕੇ ਧਿਆਨ ਲਗਾਵਣ
ਗਿਆਨ ਅਗਨੀ ਵਿਚ ਸ਼ੁੱਧ ਹੋ ਜਾਵਣ
ਤਦ ਓਹ ਮੁਝ ਵਿਚ ਲੀਨ ਹੋ ਜਾਂਦੇ
ਐਸੇ ਗਿਆਨੀ ਮੋਕ਼ਸ਼ ਨੂੰ ਪਾਂਦੇ।

11

ਦੁਨੀਆਂ ਦੇ ਸਭ ਰਾਹ ਘਨੇਰੇ
ਹੇ ਪਾਰਥ ਓਹ ਸਭ ਨੇ ਮੇਰੇ
ਜੋ ਜਿਸ ਮਾਰਗ ਕਦਮ ਵਧਾਵੇ
ਸ਼ਰਧਾ ਨਾਲ ਮੇਰੇ ਤਾਂਈ ਆਵੇ
ਮੈਂ ਵੀ ਤਿਸਨੂੰ ਤਿਵੇਂ ਅਪਨਾਵਾਂ
ਅਪਨਾ ਆਪ ਤਿਵੇਂ ਪ੍ਰਗਟਾਵਾਂ।

12

ਜੋ ਕਰਮਾਂ ਵਿਚ ਸਿੱਧੀ ਚਾਹਵਣ
ਦੇਵਤਿਆਂ ਨੂੰ ਭੋਗ ਲਗਾਵਣ
ਛਿਣ ਮਾਤ੍ਰ ਇਹ ਜਨਮ ਹੈ ਤੇਰਾ
ਕੀਤਿਆਂ ਪਾਰ ਲਗੇਗਾ ਬੇੜਾ।

13

ਮੈਂ ਜੋ ਚਾਰ ਵਰਣ ਉਪਜਾਏ
ਗੁਣ ਕਰਮਾ ਅਨੁਸਾਰ ਬਣਾਏ
ਸਭ ਦਾ ਕਰਤਾ ਮੈਨੂੰ ਜਾਣੀਂ
ਅਬਿਨਾਸ਼ੀ ਨੂੰ ਸਦਾ ਪਛਾਣੀਂ
ਕਰਮ ਕਰਾਂ ਸਭ ਵਰਣ ਬਣਾਵਾਂ
ਤਦ ਵੀ ਕਰਮ ਰਹਿਤ ਸਦਵਾਵਾਂ।

14

ਨ ਇਹ ਕਰਮ ਫਸਾਵਣ ਮੈਂਨੂੰ
ਨ ਫਲ ਮੋਹ ਵਿਚ ਪਾਵਣ ਮੈਂਨੂੰ
ਇਹ ਗਲ਼ ਜਾਣ ਜੋ ਮੁਝ ਨੂੰ ਧਿਆਵੇ
ਕਰਮ ਜਾਲ ਵਿਚ ਸੋ ਨ ਆਵੇ।

15

ਜੋ ਨਰ ਸਨ ਪ੍ਰਭ ਪਾਵਣ ਵਾਲੇ
ਮੁਕਤੀ ਮਾਰਗ ਚਾਹਵਣ ਵਾਲੇ
ਧਰਮ ਕਰਮ ਵਿਚ ਚਿਤ ਸਨ ਧਰਦੇ
ਨੇਮ ਕਰਮ ਸਭ ਸਨ ਉਹ ਕਰਦੇ
ਅਰਜੁਨ! ਤਿਵੇਂ ਕਰਮ ਨੂੰ ਕਰ ਤੂੰ

ਪਾਰਥ ਵਡਿਆਂ ਦਾ ਰਾਹ ਫੜ ਤੂੰ।

16

ਗਿਆਨੀ ਪੰਡਿਤ ਵੀ ਭੁਲ ਜਾਵਣ
ਕਰਮ ਅਕਰਮ ਦਾ ਭੇਤ ਨ ਪਾਵਣ
ਕਰਮ ਤੱਤ ਸੁਣ ਮੈਂ ਸਮਝਾਵਾਂ
ਸਭ ਪਾਪਾਂ ਥੋਂ ਦੂਰ ਹਟਾਵਾਂ।

17

ਕਰਮ ਵਿਕਰਮ ਦਾ ਤੱਤ ਪਛਾਂਣੀ
ਕਰਮ ਅਕਰਮ ਦੇ ਭੇਤ ਨੂੰ ਜਾਂਣੀ
ਮਰਮ ਕਰਮ ਦਾ ਮੁਸ਼ਕਲ ਭਾਰੀ
ਪਾਰਥ ਕਰਮ ਗਤੀ ਹੈ ਨਿਆਰੀ।

18

ਕਰਮ ਵਿਚ ਅਕਰਮ ਜੋ ਵੇਖੇ
ਵਿਚ ਅਕਰਮ ਕਰਮ ਜੋ ਭੇਖੇ
ਸੋ ਨਰ ਬੁੱਧੀਵਾਨ ਕਹਾਵੇ
ਕਰਮ ਕਰੇ ਯੋਗੀ ਸਦਵਾਵੇ।

19

ਬਿਨ ਸੰਕਲਪ ਜੋ ਕਰਮ ਕਹਾਵਣ
ਗਿਆਨ ਅਗਨੀ ਵਿਚ ਭਸਮ ਹੋ ਜਾਵਣ
ਬਿਨ ਫਲ ਇੱਛਿਆ ਕਰਮ ਜੋ ਛੋਂਹਦੇ
ਸੋ ਨਰ ਬ੍ਰਹਮ ਗਿਆਨੀ ਹੋਂਦੇ।

20

ਕਰਮ ਫਲਾਂ ਨੂੰ ਜੋ ਛੱਡ ਜਾਵਣ
ਹੋ ਨਿਰ-ਆਸਰਾ ਤ੍ਰਿਪਤੀ ਪਾਵਣ
ਸੋ ਕਰਮ ਵਿਚ ਨਹੀਂ ਭਰਮਾਂਦੇ
ਕਰ ਕੇ ਵੀ ਨਿਸ਼ਕਰਮ ਸਦਾਂਦੇ।

21

ਬਿਨ ਆਸ਼ਾ ਜੋ ਕਰਮ ਕਮਾਂਦੇ
ਮਨ ਚਿਤ ਹੋਵਣ ਵੱਸ ਜਿਨ੍ਹਾਂ ਦੇ
ਮਮਤਾ ਲੋਭ ਨੂੰ ਜੋ ਛੱਡ ਦੇਂਦੇ

ਨਾਲ ਸ਼ਰੀਰ ਹੀ ਕਰਮ ਕਰੇਂਦੇ
ਸੋ ਮਰਿਆਦਾ ਭੰਨਦੇ ਨਾਹੀਂ
ਪਾਪ ਦੇ ਭਾਗੀ ਬਣਦੇ ਨਾਹੀਂ।

22

ਜੋ ਰਬ ਦਏ ਸਬਰ ਨਾਲ ਖਾਵੇ
ਸੁਖ ਦੁਖ ਵਿਚ ਨ ਚਿਤ ਭਰਮਾਵੇ
ਦਵੇਸ਼ ਰਹਿਤ ਸਭ ਕਰਮ ਪਛਾਣੇ
ਹਾਰ ਜੇਤ ਜੋ ਇਕ ਸਮ ਜਾਣੇ
ਕਰਮਾ ਥੋਂ ਸੋ ਨਸਦਾ ਨਾਹੀਂ
ਬੰਧਨ ਵਿਚ ਪਰ ਫਸਦਾ ਨਾਹੀਂ।

23

ਕਰਮ ਫਲਾਂ ਦਾ ਸੰਗ ਛੱਡ ਜਾਵੇ
ਸੋ ਨਰ ਜੀਵਨ ਮੁਕਤ ਕਹਾਵੇ
ਗਿਆਨ ਧਿਆਨ ਵਿਚ ਜੋ ਚਿਤ ਲਾਂਦੇ
ਯੱਗ ਨਮਿੱਤ ਜੋ ਕਰਮ ਕਮਾਂਦੇ
ਸੋ ਨਰ ਬ੍ਰਹਮ ਗਿਆਨ ਨੂੰ ਪਾਵਣ
ਕਰਮ ਤਿਨ੍ਹਾਂ ਦੇ ਲੈ ਹੋ ਜਾਵਣ।

24

ਬ੍ਰਹਮ ਅਰਪਣ ਸਾਰੇ ਯੱਗ ਬ੍ਰਹਮ
ਹਵੀ ਸਮਿੱਗਰੀ ਤੇ ਅੱਗ ਬ੍ਰਹਮ
ਬ੍ਰਹਮ ਯੱਗ ਦਾ ਕਰਤਾ ਬ੍ਰਹਮ
ਕਰਮਾ ਵਿਖੇ ਵਿਚਰਦਾ ਬ੍ਰਹਮ
ਬ੍ਰਹਮ ਨਾਲ ਜੋ ਧਿਆਨ ਲਗਾਵੇ
ਪਾਰਬ੍ਰਹਮ ਵਿਚ ਲੀਨ ਹੋ ਜਾਵੇ।

25

ਦੇਵ ਯੱਗ ਨੇ ਕਈ ਕਰੇਂਦੇ
ਦੇਵਤਿਆਂ ਨੂੰ ਬਲੀਆਂ ਦੇਂਦੇ
ਕਈ ਇਕ ਯੋਗੀ ਬ੍ਰਹਮ ਸਿਮਰਦੇ
ਬ੍ਰਹਮ ਅਰਪਣ ਸਭ ਯੱਗ ਨੇ ਕਰਦੇ।

26

ਕਈ ਇੰਦ੍ਰੀਆਂ ਨੂੰ ਜਿਤ ਜਾਂਦੇ
ਸੰਜਮ ਰੂਪੀ ਅੱਗ ਵਿਚ ਪਾਂਦੇ
ਸ਼ਬਦ ਸੱਪਰਸ਼ ਰੂਪ ਰਸ ਗੰਧ
ਵਿਸ਼ੈ ਇੰਦ੍ਰੀਆਂ ਦੇ ਸੰਬੰਧ
ਕਈ ਇਕ ਸ਼ਬਦ ਆਦਿਕ ਨੂੰ ਅਰਜੁਨ
ਇੰਦ੍ਰੀਆਂ ਦੀ ਅੱਗ ਵਿਚ ਸਾੜਨ।

27

ਗਿਆਨ ਰੂਪ ਕਈ ਜੋਤ ਜਗਾਂਦੇ
ਸੰਜਮ ਯੋਗ ਦੀ ਅੱਗ ਜਲਾਂਦੇ
ਇੰਦ੍ਰੇ ਕਰਮ ਆਹੂਤੀ ਪਾਵਣ
ਪ੍ਰਾਣ ਕਰਮ ਦਾ ਯੱਗ ਰਚਾਵਣ।

28

ਕਈ ਇਕ ਯੱਗ ਕਰੇਂਦੇ ਧਨ ਦਾ
ਕਈ ਇਕ ਤਪ, ਕਈ ਯੋਗ ਕਰਨ ਦਾ
ਵੇਦ ਪੜ੍ਹਨ ਦਾ ਕਈ ਯੱਗ ਕਰਦੇ
ਗਿਆਨ ਯੱਗ ਵਿਚ ਕਈ ਚਿਤ ਧਰਦੇ
ਸਭ ਨੂੰ ਜਾਣ ਮਹਾਂ ਬ੍ਰਤ ਧਾਰੀ
ਸੱਭੇ ਯੱਗ ਰਚਾਵਣ ਭਾਰੀ।

29

ਪ੍ਰਾਣ ਵਾਯੂ ਕਈ ਕੁੰਡ ਬਣਾਂਦੇ
ਵਿਚ ਅਪਾਨ ਅਹੂਤੀ ਪਾਂਦੇ
ਕਈ ਇਕ ਪ੍ਰਾਣ ਆਹੂਤੀ ਪਾਵਣ
ਪ੍ਰਾਣ ਅਪਾਨ ਨੂੰ ਰੋਕ ਵਖਾਵਣ
ਪ੍ਰਾਣ ਅਪਾਨ ਸਵਾਸ ਵੱਸ ਕਰਦੇ
ਪ੍ਰਾਣਾਯਾਮ ਤਾਈਂ ਚਿਤ ਧਰਦੇ।

30

ਨਿਯਮ ਨਾਲ ਆਹਾਰ ਜੋ ਖਾਂਦੇ

ਸਵਾਸਾਂ ਦਾ ਸੋ ਯੱਗ ਰਚਾਂਦੇ
ਇਹ ਸਭ ਯੱਗ ਤੱਤ ਨੂੰ ਪਾਵਣ
ਯੱਗੋਂ ਪਾਪ ਨਸ਼ਟ ਹੋ ਜਾਵਣ।

31

ਯੱਗੋਂ ਵਧਿਆ ਅੰਮ੍ਰਿਤ ਖਾਂਦੇ
ਸੋ ਨਰ ਪਾਰਬ੍ਰਹਮ ਨੂੰ ਪਾਂਦੇ
ਜੋ ਨਹੀਂ ਯੱਗ ਕਰੇਂਦਾ ਕੋਈ
ਏਥੇ ਓਥੇ ਮਿਲੇ ਨ ਢੋਈ।

32

ਭਾਂਤ ਭਾਂਤ ਦੇ ਯੱਗ ਕਰਾਵਣ
ਸਾਰੇ ਬ੍ਰਹਮ ਭੇਟ ਹੋ ਜਾਵਣ
ਪਰ ਸਭ ਯੱਗ ਕਰਮ ਥੋਂ ਉਪਜਣ
ਜਾਣਿਆਂ ਮੁਕਤ ਹੋ ਜਾਵੇਂ ਅਰਜੁਨ।

33

ਸਭ ਦ੍ਰਵ ਯੱਗਾਂ ਥੋਂ ਹੇ ਪਿਆਰੇ।
ਗਿਆਨ ਯੱਗ ਵਡਿਆਵਣ ਸਾਰੇ
ਸਾਰੇ ਕਰਮ ਜੋ ਲੋਕ ਕਮਾਵਣ
ਗਿਆਨ ਯੱਗ ਵਿਚ ਲੋਪ ਹੋ ਜਾਵਣ।

34

ਜੋ ਨੇ ਤੱਤ ਨੂੰ ਜਾਨਣ ਵਾਲੇ
ਸਤਯ ਅਸਤਯ ਪਛਾਨਣ ਵਾਲੇ
ਗਿਆਨ ਯੋਗ ਉਪਦੇਸ਼ ਕਰਨਗੇ
ਤੇਰੇ ਭੈਟ ਸੰਤਾਪ ਹਰਨਗੇ
ਗਿਆਨ ਯੋਗ ਨੂੰ ਜਾਣ ਤੂੰ ਅਰਜੁਨ
ਕਰ ਕਰ ਖੋਜ ਪਛਾਣ ਤੂੰ ਅਰਜੁਨ
ਪੁਛਦਾ ਰਹਿ ਜੇ ਸਮਝ ਨ ਆਵੇ
ਸੇਵਾ ਨਾਲ ਗਿਆਨ ਲਭ ਜਾਵੇ।

35

ਗਿਆਨ ਯੋਗ ਦਾ ਭੇਤ ਜੇ ਪਾਵੇਂ

ਕਦੀ ਨ ਮੋਹ ਵਿਚ ਮਨ ਭਰਮਾਵੇਂ
ਗਿਆਨ ਯੋਗ ਦਾ ਤੱਤ ਜੇ ਭੇਖੇਂ
ਆਤਮਾ ਵਿਚ ਸਭ ਸ੍ਰਿਸ਼ਟੀ ਵੇਖੇਂ।

36

ਭਾਵੇਂ ਕੇਡਾ ਈ ਪਾਪੀ ਹੋਵੇਂ
ਜੇ ਪਰ ਗਿਆਨ ਯੋਗ ਨੂੰ ਛੋਹਵੇਂ
ਗਿਆਨ ਰੂਪ ਬੇੜੀ ਚੜ੍ਹ ਜਾਵੇਂ
ਸਭ ਪਾਪਾਂ ਥੋਂ ਤੂੰ ਤਰ ਜਾਵੇਂ।

37

ਹੇ ਅਰਜੁਨ! ਜਿਵੇਂ ਅੱਗ ਬਲੇਂਦੀ
ਬਾਲਣ ਬਾਲ ਭਸਮ ਕਰ ਦੇਂਦੀ
ਗਿਆਨ ਅਗਨੀ ਤਿਵੇਂ ਕਰਮ ਜਲਾਵੇ
ਕਰਮ ਗਿਆਨ ਵਿਚ ਭਸਮ ਹੋ ਜਾਵੇ।

38

ਗਿਆਨੋ ਉੱਤਮ ਹੋਰ ਨ ਕੋਈ
ਸਭ ਨੂੰ ਕਰੇ ਪਵਿੱਤਰ ਸੋਈ
ਕਈ ਇਕ ਯੋਗੀ ਯੋਗ ਕਮਾਕੇ
ਕਰਮ ਯੋਗ ਵਿਚ ਸਿੱਧੀ ਪਾਕੇ
ਸਮੇਂ ਨਾਲ ਗਿਆਨੀ ਬਣ ਜਾਂਦੇ
ਆਤਮਾ ਦੇ ਵਿਚ ਗਿਆਨ ਨੂੰ ਪਾਂਦੇ।

39

ਸ਼ਰਧਾ ਨਾਲ ਜੋ ਖੋਜ ਕਰੇਂਦੇ
ਨਿੱਤ ਢੂੰਡਨ ਵਲ ਧਿਆਨ ਧਰੇਂਦੇ
ਇੰਦ੍ਰੀਆਂ ਨੂੰ ਜੋ ਜਿੱਤ ਜਾਂਦੇ
ਸੋ ਨਰ ਬ੍ਰਹਮ ਗਿਆਨ ਨੂੰ ਪਾਂਦੇ
ਜੋ ਨਰ ਇਉਂ ਗਿਆਨੀ ਹੋ ਜਾਵਣ
ਸਹਜ ਹੀ ਪਰਮ ਸ਼ਾਂਤੀ ਪਾਵਣ।

40

ਜੋ ਮੁਝ ਵਿਚ ਸ਼ਰਧਾ ਨਹੀਂ ਰੱਖਦੇ
ਜੋ ਮੂਰਖ ਨਹੀਂ ਗਿਆਨ ਪਰਖਦੇ

ਸੰਸ਼ੇ ਕਰ ਕਰ ਮਨ ਭਰਮਾਂਦੇ
ਭਰਮਾਂ ਵਿਚ ਓਹ ਨਸ਼ਟ ਹੋ ਜਾਂਦੇ
ਐਸੇ ਭਰਮੀ ਤੇ ਅਗਿਆਨੀ
ਏਥੇ ਓਥੇ ਦੋਹੀਂ ਜਹਾਂਨੀ
ਲੋਕ ਅਤੇ ਪਰਲੋਕ ਗਵਾਂਦੇ
ਕਦੀ ਵੀ ਸੋ ਨਰ ਸੁਖ ਨਹੀਂ ਪਾਂਦੇ।

**41**

ਪਾਰਥ ਜੋ ਨਰ ਯੋਗ ਧਿਆਵਣ
ਈਸ਼ਵਰ ਅਰਪਣ ਕਰਮ ਕਮਾਵਣ
ਨਾਲੇ ਗਿਆਨ ਦੇ ਤੱਤ ਨੂੰ ਪਾਂਦੇ
ਮਨ ਦੇ ਸ਼ੰਸ਼ੇ ਭਰਮ ਮਿਟਾਂਦੇ
ਸੋ ਨਰ ਆਤਮਾ ਵਿਚ ਨੇ ਵਸਦੇ
ਕਰਮ ਬੰਧਨਾ ਵਿਚ ਨਹੀ ਫਸਦੇ।

**42**

ਹੇ ਪਾਰਥ ਹੇ ਕੁੰਤੀ ਨੰਦਨ!
ਸੰਸ਼ੇ ਸਭ ਅਗਿਆਨ ਥੋਂ ਉਪਜਨ
ਯੋਗ ਕਰਨ ਵਿਚ ਥਿਰਤਾ ਪਾਕੇ
ਗਿਆਨ ਰੂਪੀ ਤਲਵਾਰ ਚਲਾਕੇ
ਸਾਰੇ ਸੰਸ਼ੇ ਭਰਮ ਮਿਟਾਦੇ
ਯੁੱਧ ਕਰਨ ਵਿਚ ਜ਼ੋਰ ਵਖਾ ਦੇ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਗਿਆਨ ਵਿਭਾਗ ਯੋਗ ਨਾਮ ਚੌਥਾ ਅਧਿਆਇ ਸਮਾਪਤ ਹੋਇਆ।*



# ਪੰਜਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸੰਨਿਆਸ ਯੋਗ

**1**

*ਅਰਜੁਨ ਉਵਾਚ!*

ਕਰਮ ਤਿਆਗ ਦੀ ਮਹਮਾ ਗਾਓ
ਮੁੜ ਫਿਰ ਕਰਮ ਯੋਗ ਵਡਿਆਓ
ਇਉਂ ਨ ਭਰਮਾਓ ਚਿਤ ਮੇਰਾ
ਇਕ ਰਾਹ ਦਸ ਦਿਓ ਚੰਗ ਚੰਗੇਰਾ।

**2**

*ਸ਼੍ਰੀ ਭਗਵਾਨ ਉਵਾਚ!*

ਇਕ ਮਾਰਗ ਸੰਨਿਆਸ ਕਹਾਂਦਾ
ਦੂਜਾ ਕਰਮ ਯੋਗ ਸਦਵਾਂਦਾ
ਦੋਵੇਂ ਰਾਹ ਇਕ ਥਾਂ ਲੈ ਜਾਵਣ
ਮੋਖਸ਼ ਦਵਾਰੇ ਤਕ ਪਹੁੰਚਾਵਣ
ਪਰ ਜਦ ਤੁਲਨਾ ਕੀਤੀ ਜਾਵੇ
ਕਰਮ ਯੋਗ ਉੱਤਮ ਅਖਵਾਵੇ।

**3**

ਨਿੱਤ ਸੰਨਿਆਸੀ ਓਹ ਸਦਵਾਂਦਾ
ਰਾਗ ਦਵੇਸ਼ ਵਸ ਜੋ ਨਹੀਂ ਆਂਦਾ
ਸੁਖ ਦੁਖ ਵਿਚ ਜੋ ਨ ਘਬਰਾਵੇ
ਸਹਜ ਹੀ ਬੰਧਨ ਥੋਂ ਛੁਟ ਜਾਵੇ।

**4**

ਯੋਗ ਅਤੇ ਸੰਨਿਆਸ ਨੂੰ ਅਰਜੁਨ
ਬਾਲ ਅਵਾਣੇ ਅੱਡ ਅੱਡ ਸਮਝਨ
ਪਰ ਪੰਡਿਤ ਜੋ ਤੱਤ ਪਛਾਣੇ
ਸਾਂਖ ਯੋਗ ਨੂੰ ਇਕੋ ਈ ਜਾਣੇ
ਭਾਵੇਂ ਇਕ ਰਾਹ ਕਦਮ ਉੱਠਾਵੇ
ਫੇਰ ਵੀ ਦੋਹਾਂ ਦਾ ਫਲ ਪਾਵੇ।

**5**

ਜੋ ਪਦਵੀ ਪਾਵੇ ਸੰਨਿਆਸੀ



ਉਸ ਜਾ ਪਹੁੰਚੇ ਯੋਗ ਅਭਿਆਸੀ
ਸੋ ਗਿਆਨੀ ਇਹ ਤੱਤ ਪਛਾਣੇ
ਸਾਂਖ ਯੋਗ ਨੂੰ ਜੋ ਇਕ ਜਾਣੇ।

6

ਯੋਗਾਭਯਾਸ ਮੂਲ ਹੈ ਸਭ ਦਾ
ਯੋਗ ਬਿਨਾ ਸੰਨਿਆਸ ਨ ਲਭਦਾ
ਮੁਨੀ ਮੁਨੀਸ਼ਰ ਯੋਗਾਭਯਾਸੀ
ਸਹਜ ਹੀ ਪਾਵਣ ਬ੍ਰਹਮ ਅਬਿਨਾਸ਼ੀ।

7

ਯੋਗ ਕਮਾਵੇ ਜਤੀ ਕਹਾਵੇ
ਇੰਦ੍ਰੀਆਂ ਤੇ ਮਨ ਜਿੱਤ ਜਾਵੇ
ਸ਼ੁੱਧ ਆਤਮਾ ਤੱਤ ਪਛਾਣੇ
ਆਤਮਾ ਨੂੰ ਜੋ ਸਭ ਵਿਚ ਜਾਣੇ
ਐਸਾ ਨਰ ਜਦ ਕਰਮ ਕਮਾਂਦਾ
ਕਰਮ ਬੰਧਨਾ ਵਿਚ ਨਹੀਂ ਆਂਦਾ।

8–9

ਯੋਗੀ ਅੱਖੀਆਂ ਮੀਟੇ, ਖੋਲੇ
ਚੱਲੇ, ਸੁੰਘੇ, ਸੁਣੇ ਤੇ ਬੋਲੇ
ਛੋਹਵੇ, ਸਵਾਸ ਲਵੇ, ਸੌਂ ਜਾਵੇ
ਦੁਨੀਆਂ ਦੇ ਸਭ ਕਰਮ ਕਮਾਵੇ
ਪਰ ਹਰ ਵੇਲੇ ਤੱਤ ਪਛਾਣੇ
"ਮੈਂ ਕੁਝ ਨਹੀਂ ਕਰਦਾ" ਏ ਜਾਣੇ
ਆਖੇ ਇੰਦ੍ਰੀਆਂ ਗੁਣ ਕਾਰਣ

ਗੁਣ ਵੱਸ ਹੋ ਸਭ ਕਾਜ ਸਵਾਰਨ।

10

ਜੋ ਨਰ ਮੋਹ ਮਮਤਾ ਤਜ ਦੇਂਦੇ
ਬ੍ਰਹਮ ਅਰਪਣ ਸਭ ਕਰਮ ਕਰੇਂਦੇ
ਸੋ ਨਰ ਕਮਲ ਫੂਲ ਦੀ ਨਿਆਈਂ
ਪਾਪ ਦੇ ਭਾਗੀ ਬਣਦੇ ਨਾਹੀਂ।

11

ਯੋਗੀ ਮੋਹ ਮਮਤਾ ਛੱਡ ਜਾਂਦੇ
ਆਤਮ ਸ਼ੁੱਧੀ ਵੱਲ ਚਿਤ ਲਾਂਦੇ
ਤਨ ਮਨ ਬੁੱਧ ਇੰਦ੍ਰੀਆਂ ਕਾਰਣ
ਯੋਗੀ ਸਭ ਕੰਮ ਕਾਜ ਸਵਾਰਣ।

12

ਯੋਗੀ ਫਲ ਇੱਛਾ ਛੱਡ ਜਾਂਦਾ
ਤਦ ਓਹ ਪਰਮ ਸ਼ਾਂਤੀ ਪਾਂਦਾ
ਕਾਮੀ ਕਰਮ ਫਲਾਂ ਨੂੰ ਚਾਹਵੇ
ਕਰਮ ਬੰਧਨਾ ਵਿਚ ਫਸ ਜਾਵੇ।

13

ਇਸ ਨਗਰੀ ਦੇ ਨੌਂ ਦਰਵਾਜੇ
ਆਤਮਾ ਤਿਸ ਵਿਚ ਸੁਖੀ ਬਿਰਾਜੇ
ਮਨ ਥੋਂ ਕਰਮ ਤਿਆਗ ਦਿਖਲਾਵੇ
ਨ ਕੁਝ ਕਰੇ, ਨ ਹੀ ਕਰਵਾਵੇ।

14

ਮਾਇਆ ਮੋਹ ਵਿਚ ਮਨ ਹੈ ਮਚਦਾ
ਕਰਤਾਪਨ ਈਸ਼ਵਰ ਨਹੀਂ ਰਚਦਾ
ਕਰਮ ਨੂੰ ਵੀ ਪ੍ਰਭ ਰਚਦਾ ਨਾਹੀਂ
ਨ ਜੋੜੇ ਪ੍ਰਭ ਫਲ ਸੰਗ ਤਾਂਈਂ
ਮਾਇਆ ਦੇ ਸੁਭਾਵ ਥੋਂ ਅਰਜੁਨ
ਕਰਮ, ਕ੍ਰਿਤ ਤੇ ਸੰਗ ਉਪਜਨ।

15

ਪਾਪ ਕਰੇ ਕੋਈ ਪੁਨਯ ਕਮਾਵੇ

ਪਾਪ ਪੁਨਯ ਪ੍ਰਭੁ ਨ ਅਪਨਾਵੇ
ਵਿਚ ਅਗਿਆਨ ਗਿਆਨ ਲੁਕ ਜਾਂਦਾ
ਜੀਵ ਇਸੇ ਗੱਲ ਵਿਚ ਭਰਮਾਂਦਾ।

16

ਆਤਮ ਗਿਆਨ ਦੇ ਕਾਰਣ ਅਰਜੁਨ
ਸਭ ਅਗਿਆਨ ਨਾਸ਼ ਹੋ ਜਾਵਣ
ਗਿਆਨ ਰੂਪ ਸੂਰਜ ਚੜ੍ਹ ਜਾਂਦਾ
ਗਿਆਨੀ ਤਦ ਪ੍ਰਭ ਦਰਸ਼ਨ ਪਾਂਦਾ।

17

ਪ੍ਰਭ ਦੀ ਚਰਣੀ ਧਿਆਨ ਲਗਾ ਕੇ
ਪ੍ਰਭ ਵਿਚ ਅਪਣਾ ਆਪ ਰਮਾਕੇ
ਪ੍ਰਭ ਦੀ ਭਗਤੀ ਵਿਚ ਥਿਰ ਹੋਕੇ
ਗਿਆਨ ਨਾਲ ਪਾਪਾਂ ਨੂੰ ਧੋ ਕੇ
ਗਿਆਨੀ ਮੋਖਸ਼ ਧਾਮ ਨੂੰ ਪਾਵਣ
ਜਿਸ ਥਾਂ ਜਾਕੇ ਮੁੜ ਨਾ ਆਵਣ।

18

ਗਿਆਨੀ ਪੰਡਿਤ ਤੱਤ ਪਛਾਨਣ
ਸਭ ਜੀਵਾਂ ਨੂੰ ਇਕ ਸਮ ਜਾਨਣ
ਸ਼ੂਦਰ, ਗੌ, ਵਿਪਰ, ਵਿਦਵਾਨ
ਕੁੱਤਾ, ਹਾਥੀ, ਏਕ ਸਮਾਨ।

19

ਮਨ ਇਕ ਸਮ ਇਕ ਥਾਂ ਜੋ ਲਾਂਦੇ
ਏਥੇ ਈ ਜਨਮ ਮਰਨ ਜਿੱਤ ਜਾਂਦੇ
ਬ੍ਰਹਮ ਇਕ ਸਮ ਨਿਰਦੋਸ਼ ਕਹਾਂਦਾ
ਗਿਆਨੀ ਬ੍ਰਹਮ ਵਿਚ ਥਿਰ ਹੋ ਜਾਂਦਾ।

20

ਬ੍ਰਹਮ ਵਿਖੇ ਜੋ ਲੀਨ ਹੈ ਗਿਆਨੀ
ਮੋਹ ਵਿਚ ਭੁਲਿਆ ਨਹੀਂ ਜੋ ਪ੍ਰਾਣੀ
ਸੁਖ ਪਾ ਕੇ ਖੁਸ਼ ਹੋਂਦਾ ਨਾਹੀਂ
ਦੁਖ ਆਵੇ ਤੇ ਰੋਂਦਾ ਨਾਹੀਂ।

21

ਵਿਸ਼ੈ ਭੋਗ ਥੋਂ ਜੋ ਮਨ ਮੋੜਨ
ਆਤਮਾ ਦੇ ਵਿਚ ਜੋ ਸੁਖ ਲੋੜਨ
ਸੋ ਨਰ ਬ੍ਰਹਮ ਨਾਲ ਜੁੜ ਜਾਂਦੇ
ਸਦਾ ਹੀ ਸੋ ਨਰ ਆਨੰਦ ਪਾਂਦੇ।

22

ਜੋ ਸੁਖ ਵਿਸ਼ੈ ਭੋਗ ਥੋਂ ਲਭਦੇ
ਦੁਖ ਦਲਿੱਦਰ ਮੂਲ ਨੇ ਸਭ ਦੇ
ਇਹ ਸੁਖ ਨਾਸ਼ਵਾਨ ਤੂੰ ਜਾਣੀ
ਇਸ ਨੂੰ ਸੁਖ ਨ ਸਮਝਨ ਗਿਆਨੀ।

23

ਦੇਹ ਤਿਆਗਣ ਥੋਂ ਪਹਿਲੋਂ ਪਿਆਰੇ
ਸਬਰ ਸਬੂਰੀ ਮਨ ਜੋ ਮਾਰੇ
ਮਨ ਮਾਰੇ ਸੰਸਾਰੀ ਹੋ ਕੇ
ਕਾਮ ਕ੍ਰੋਧ ਦੇ ਵੇਗ ਨੂੰ ਰੋਕੇ
ਐਸਾ ਨਰ ਯੋਗੀ ਸਦਵਾਵੇ
ਸੋ ਨਰ ਪਰਮ ਸ਼ਾਂਤੀ ਪਾਵੇ

24

ਜਿਸ ਹਿਰਦੇ ਵਿਚ ਆਨੰਦ ਵਸਦਾ
ਜਿਸ ਵਿਚ ਬ੍ਰਹਮ ਦਾ ਚਾਨਣ ਰਸਤਾ
ਸੋ ਯੋਗੀ ਨਿਰਵਾਣ ਨੂੰ ਪਾਂਦਾ
ਬ੍ਰਹਮ ਜੋਤ ਵਿਚ ਲੀਨ ਹੋ ਜਾਂਦਾ।

25

ਰਿਸ਼ੀ ਮੁਨੀ ਜੋ ਆਨੰਦ ਰੱਤੇ
ਦੁਖ ਪਾਪ ਸਭ ਜਾਵਣ ਕੱਟੇ
ਛੱਡ ਦੁਭਦਾ ਵਸ ਮਨ ਚਿਤ ਕਰਦੇ
ਪ੍ਰਾਣੀ ਮਾਤਰ ਦਾ ਹਿੱਤ ਕਰਦੇ
ਸੋ ਮੁਨੀ ਪਦ ਨਿਰਵਾਣ ਦਾ ਪਾਂਦੇ
ਬ੍ਰਹਮ ਵਿਖੇ ਉਹ ਲੀਨ ਹੋ ਜਾਂਦੇ।

26

ਕਾਮ ਕ੍ਰੋਧ ਥੋਂ ਦੂਰ ਜੋ ਰਹਿੰਦੇ

ਮਨ ਅਪਨੇ ਨੂੰ ਵੱਸ ਕਰ ਲੈਂਦੇ
ਸੋ ਆਤਮ ਗਿਆਨੀ ਤਰ ਜਾਂਦੇ
ਸਹਜ ਬ੍ਰਹਮ ਨਿਰਵਾਣ ਨੂੰ ਪਾਂਦੇ।

27

ਵਿਸ਼ਿਆਂ ਥੋਂ ਮਨ ਦੂਰ ਹਟਾ ਕੇ
ਧਿਆਨ ਭ੍ਰੂਵਾਂ ਵਿਚਕਾਰ ਟਿਕਾ ਕੇ
ਸਵਾਸਾਂ ਤਾਂਈਂ ਸੰਜਮ ਕਰਕੇ
ਪ੍ਰਾਣ ਆਪਾਨ ਨੂੰ ਇਕ ਸਮ ਕਰਕੇ।

28

ਇੰਦ੍ਰੇ ਮਨ ਬੁੱਧੀ ਜਿੱਤ ਜਾਵੇ
ਮੁਕਤੀ ਮਾਰਗ ਕਦਮ ਵਧਾਵੇ
ਇੱਛਿਆ, ਭੈਅ, ਕ੍ਰੋਧ ਤਜ ਦੇਂਦੇ
ਸੋ ਮੁਨੀ ਜੀਵਨ-ਮੁਕਤ ਸਦੇਂਦੇ।

29

ਯੱਗ ਤਪਾਂ ਦਾ ਭੋਗਨ ਵਾਲਾ



ਮੈਂ ਸਭ ਸ੍ਰਿਸ਼ਟੀ ਦਾ ਰਖਵਾਲਾ
ਸਭ ਸੰਸਾਰ ਰਚਾਵਣ ਹਾਰਾ
ਪ੍ਰਾਣੀ ਮਾਤ੍ਰ ਦਾ ਮੈਂ ਪਿਆਰਾ
ਜੋ ਕੋਈ ਮੈਨੂੰ ਐਸਾ ਧਿਆਵੇ
ਸੋ ਨਰ ਪਰਮ ਸ਼ਾਂਤੀ ਪਾਵੇ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਸੰਨਿਆਸ ਯੋਗ ਨਾਮ ਪੰਜਵਾਂ ਅਧਿਆਇ ਸਮਾਪਤ ਹੋਇਆ।*

# ਛੇਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਆਤਮ ਸੰਜਮ ਯੋਗ

1

*ਸ਼੍ਰੀ ਭਗਵਾਨ ਉਵਾਚ!*

ਛੱਡ ਕੇ ਆਸਰਾ ਕਰਮ ਫਲਾਂ ਦਾ
ਕਰਨ ਯੋਗ ਜੋ ਕਰਮ ਕਮਾਂਦਾ
ਓਹ ਹੈ ਤਿਆਗੀ ਤੇ ਸੰਨਿਆਸੀ
ਓਹ ਹੈ ਪੂਰਨ ਯੋਗਾਭਯਾਸੀ
ਕਰਮ ਹੀਨ ਨਿਰ ਅਗਨੀ ਭੋਗੀ
ਨ ਸੰਨਿਆਸੀ, ਨ ਓਹ ਯੋਗੀ।

2

ਜਿਸ ਨੂੰ ਸਭ ਸੰਨਿਆਸ ਬੁਲਾਵਨ
ਯੋਗ ਉਸੇ ਨੂੰ ਜਾਣ ਤੂੰ ਅਰਜੁਨ
ਜੋ ਸੰਕਲਪ ਨ ਤਿਆਗ ਮਨ ਦਾ
ਸੋ ਨਰ ਯੋਗੀ ਕਦੇ ਨ ਬਣਦਾ।

3

ਯੋਗ ਮਾਰਗ ਜੋ ਕਦਮ ਉੱਠਾਂਦਾ
ਉਸਦਾ ਸਾਧਨ ਕਰਮ ਕਹਾਂਦਾ
ਜਦ ਮੁਨੀ ਯੋਗ ਰੂੜ੍ਹ ਹੋ ਜਾਵੇ
ਉਸਦਾ ਸਾਧਨ ਸ਼ਮਾਂ ਕਹਾਵੇ।

4

ਇੰਦ੍ਰੀਆਂ ਥੋਂ ਜੋ ਮਨ ਮੋੜੇ
ਕਰਮ ਫਲਾਂ ਵਿਚ ਚਿਤ ਨ ਜੋੜੇ
ਸਭ ਸੰਕਲਪ ਤਿਆਗ ਦਿਖਲਾਵੇ
ਸੋ ਨਰ ਯੋਗਾ ਰੂੜ੍ਹ ਕਹਾਵੇ।

5

ਆਤਮਕ ਬਲ ਦਾ ਆਸਰਾ ਫੜ ਲੈ
ਆਤਮਾ ਦਾ ਉਧਾਰ ਤੂੰ ਕਰ ਲੈ

ਆਤਮਾ ਉੱਤਮ, ਉੱਚ ਹੋ ਜਾਵੇ
ਆਤਮਾ ਅਧੋਗਤੀ ਨ ਪਾਵੇ
ਆਤਮਾ ਹੀ ਹੈ ਅਪਨਾ ਸੱਜਣ
ਆਤਮਾ ਅਪਨਾ ਵੈਰੀ ਦੁਸ਼ਮਣ।

6

ਆਤਮਾ ਅਪਨਾ ਮੀਤ ਕਹਾਵੇ
ਜਦ ਨਰ ਅਪਨਾ ਮਨ ਜਿੱਤ ਜਾਵੇ
ਜਦ ਇਹ ਮਨ ਵਸ ਆਵੇ ਨਾਹੀਂ
ਆਤਮਾ ਸ਼ਤਰੂ ਆਪਨੇ ਤਾਂਈਂ।

7

ਜੋ ਮਨ ਜਿੱਤੇ, ਸ਼ਾਂਤੀ ਪਾਵੇ
ਦਵੰਦਾਂ ਥੋਂ ਜੋ ਦੂਰ ਹੋ ਜਾਵੇ
ਸਰਦੀ, ਗਰਮੀ, ਮਾਨ ਅਪਮਾਨਾ
ਸੁਖ ਦੁਖ ਤਿਸ ਨੂੰ ਏਕ ਸਮਾਨਾ।

8

ਗਿਆਨ ਅਤੇ ਵਿਗਿਆਨ ਵਧਾਵੇ
ਥਿਰ ਚਿਤ ਹੋਕੇ ਤ੍ਰਿਪਤੀ ਪਾਵੇ
ਜਤੀ ਜਤੇਂਦ੍ਰੀ ਤੱਤ ਪਛਾਣੇ
ਮਿੱਟੀ ਸੋਨਾ ਇਕ ਸਮ ਜਾਣੇ
ਜੋ ਇਸ ਗਿਆਨ ਤੱਤ ਨੂੰ ਪਾਵੇ
ਸੋ ਪੂਰਣ ਯੋਗੀ ਸਦਵਾਵੇ।

9

ਸੁਹਿਰਦ, ਮਿੱਤਰ, ਮਧਯਸਥ ਉਦਾਸੀ
ਬੰਧੂ, ਵੈਰੀ, ਸਾਧੂ ਪਾਪੀ
ਸਭਨਾ ਵਲ ਇਕ ਸਮ ਜੋ ਵੇਖੇ
ਸੋ ਨਰ ਯੋਗ ਤੱਤ ਨੂੰ ਭੇਖੇ।

10

ਆਸ਼ਾ ਤਜ ਕੇ ਬੰਧਨ ਹਰ ਕੇ
ਮਨ ਚਿਤ ਅਪਨੇ ਨੂੰ ਵਸ ਕਰਕੇ

ਵਖਰਾ ਬੈਠ ਇਕਾਂਤ ਨੂੰ ਲੋੜੇ
ਯੋਗੀ ਧਿਆਨ ਬ੍ਰਹਮ ਵਿਚ ਜੋੜੇ।

**11-12**

ਸ਼ੁੱਧ ਪਵਿੱਤਰ ਥਾਂ ਤੇ ਜਾਵੇ
ਥਿਰ ਚਿਤ ਹੋ ਕੇ ਆਸਨ ਲਾਵੇ
ਹੇਠ ਕੁਸ਼ਾ ਉੱਪਰ ਮ੍ਰਿਗਸ਼ਾਲਾ
ਉੱਪਰ ਇਕ ਬਸਤਰ ਉਜਿਆਲਾ
ਆਸਨ ਇਕ ਸਮ ਸੁੱਚਾ ਹੋਵੇ
ਨ ਨੀਂਵਾਂ, ਨ ਉੱਚਾ ਹੋਵੇ
ਉਸ ਪਰ ਬੈਠ ਇਕਾਗਰ ਹੋਕੇ
ਇੰਦ੍ਰੀਆਂ ਦੀ ਬਿਰਤੀ ਰੋਕੇ
ਆਤਮਾ ਸ਼ੁੱਧ ਵਿਚ ਚਿਤ ਲਾਵੇ
ਯੋਗੀ ਯੋਗਾਭਯਾਸ ਕਮਾਵੇ।

**13**

ਬੈਠੇ ਯੋਗੀ ਧਾਰਨਾਂ ਧਰਕੇ
ਸਿਰ, ਧੜ, ਗਲ਼ ਇਕ ਸੇਧੇ ਕਰਕੇ
ਚਿਤ ਥਿਰ ਕਰ ਇਕ ਪਾਸੇ ਲਾਵੇ
ਨੱਕ ਦੇ ਸਿਰੇ ਤੇ ਧਿਆਨ ਜਮਾਵੇ
ਆਸਿਉਂ ਪਾਸਿਉਂ ਬਿਰਤੀ ਰੋਕੇ
ਬ੍ਰਹਮ ਚਿਤਾਰੇ ਯੋਗੀ ਹੋ ਕੇ।

**14**

ਆਤਮਾ ਜਿਸਦਾ ਸ਼ਾਂਤੀ ਪਾਵੇ
ਜੋ ਪ੍ਰਾਣੀ ਨਿਰਭੈਅ ਹੋ ਜਾਵੇ
ਬ੍ਰਹਮਚਰਯ ਬ੍ਰਤ ਵਿਚ ਥਿਰ ਹੋਕੇ
ਮਨ ਨੂੰ ਆਸਿਉਂ ਪਾਸਿਉਂ ਰੋਕੇ
ਮੁਝ ਵਿਚ ਹੀ ਚਿਤ ਆਪਨਾ ਜੋੜੇ
ਸਰਵ ਸ੍ਰੇਸ਼ਟ ਮੁਝ ਨੂੰ ਜੋ ਲੋੜੇ
ਸੋ ਨਰ ਪਰਮ ਸ਼ਾਂਤੀ ਪਾ ਕੇ
ਬੈਠੇ ਯੋਗ ਸਮਾਧੀ ਲਾ ਕੇ।

15

ਯੋਗੀ ਮਨ ਨੂੰ ਵਸ ਕਰ ਲੈਂਦਾ
ਸਦਾ ਆਤਮਾ ਵਿਚ ਰਸ ਰਹਿੰਦਾ
ਤਦ ਓਹ ਪਰਮ ਸ਼ਾਂਤੀ ਪਾਂਦਾ
ਬ੍ਰਹਮ ਲੀਨ ਤਦ ਮੁਕਤ ਹੋ ਜਾਂਦਾ।

16

ਅੱਤ ਖਾਵਣ ਅੱਤ ਭੋਜਨ ਤਿਆਗਣ
ਯਾ ਅੱਤ ਸੌਂਵਣ ਯਾ ਅੱਤ ਜਾਗਣ
ਇਸ ਅੱਤ ਥੋਂ ਕਮ ਚਲਦਾ ਨਾਹੀਂ
ਯੋਗ ਤਿਨ੍ਹਾਂ ਦਾ ਫਲਦਾ ਨਾਹੀਂ।

17

ਯੁਕਤ ਆਹਾਰ ਵਿਹਾਰ ਜਿਨ੍ਹਾਂ ਦੇ
ਨੇਮ ਨਾਲ ਜੋ ਕਰਮ ਕਮਾਂਦੇ
ਨੇਮ ਨਾਲ ਜੋ ਸੌਂਵਣ ਜਾਗਣ
ਸੋ ਯੋਗੀ ਦੁਖ ਪੀੜ ਨਾ ਝਾਗਣ।

18

ਯੋਗੀ ਚਿਤ ਨੂੰ ਜਦ ਵਸ ਕਰਦਾ
ਧਿਆਨ ਆਤਮਾ ਦੇ ਵਿਚ ਧਰਦਾ
ਇੱਛਿਆ ਤ੍ਰਿਸ਼ਨਾ ਨੂੰ ਛੱਡ ਜਾਂਦਾ
ਤਦ ਪੂਰਣ ਯੋਗੀ ਸਦਵਾਂਦਾ।

19

ਜਿਸ ਜਾ ਪਵਨ ਵਗੇਂਦੀ ਨਾਹੀਂ
ਦੀਪਕ ਨ ਡੋਲੇ ਉਸ ਥਾਈਂ
ਇਹ ਉਪਮਾ ਸੋ ਯੋਗੀ ਪਾਵੇ
ਬ੍ਰਹਮ ਵਿਖੇ ਜੋ ਲੀਨ ਹੋ ਜਾਵੇ।

20

ਯੋਗੀ ਦਾ ਚਿਤ ਸ਼ਾਂਤੀ ਪਾਵੇ
ਵਿਸ਼ੈ ਵਾਸਨਾਂ ਦੂਰ ਹੋ ਜਾਵੇ
ਤਦ ਅਪਨੇ ਵਿਚ ਆਪ ਪਤੀਜੇ
ਆਤਮਾ ਵਿਚ ਤਦ ਆਤਮਾ ਰੀਝੇ।

21

ਯੋਗੀ ਪਰਮ ਅਨੰਤ ਸੁਖ ਪਾਵੇ
ਬੁੱਧੀ ਬਿਨਾ ਜੋ ਸਮਝ ਨ ਆਵੇ
ਇੰਦ੍ਰੀਆਂ ਜਿਸ ਨੂੰ ਨ ਜਾਨਣ
ਜਿਸ ਸੁਖ ਦਾ ਨ ਤੱਤ ਪਛਾਨਣ
ਉਸ ਸੁਖ ਨੂੰ ਜਦ ਯੋਗੀ ਪਾਵਨ
ਅਸਲ ਤੱਤ ਥੋਂ ਦੂਰ ਨ ਜਾਵਣ।

22

ਜਦ ਯੋਗੀ ਲਭਦਾ ਸੁਖ ਤਾਈਂ
ਜਾਣੇ ਹੋਰ ਪਰੇ ਕੁਝ ਨਾਹੀਂ
ਤਦ ਓਹ ਸੁਖ ਵਿਚ ਮਗਨ ਹੋ ਜਾਵੇ
ਦੁਖ ਦਰਦ ਸਭ ਦੂਰ ਹਟਾਵੇ।

23

ਦੁਖ ਦਰਦ ਥੋਂ ਦੂਰ ਹੋ ਜਾਣਾ
ਇਸ ਦਾ ਨਾਮ ਹੈ ਯੋਗ ਕਮਾਣਾ
ਨਿਸਚੈ ਕਰਕੇ ਯੋਗ ਕਮਾ ਤੂੰ
ਮਨ ਦੇ ਸੰਸ਼ੈ ਭਰਮ ਮਿਟਾ ਤੂੰ।

24

ਸੰਸ਼ੈ ਕਾਮਨਾ ਤਿਆਗ ਤੂੰ ਅਰਜੁਨ
ਮਨ ਨੂੰ ਜਿੱਤ ਉੱਠ ਜਾਗ ਤੂੰ ਅਰਜੁਨ
ਇੰਦ੍ਰੀਆਂ ਸਭ ਮਨ ਵਸ ਕਰ ਲੈ
ਯੋਗ ਦੇ ਮਾਰਗ ਤੇ ਪਗ ਧਰ ਲੈ।

25

ਤਦ ਜਦ ਥਿਰ ਬੁੱਧੀ ਹੋ ਜਾਵੇਂ
ਬੁੱਧੀ ਦਵਾਰਾ ਧੀਰਜ ਪਾਵੇਂ
ਹੌਲੀ ਹੌਲੀ ਧੀਰਜ ਪਾਕੇ
ਆਤਮਾ ਦੇ ਵਿਚ ਧਿਆਨ ਲਗਾ ਕੇ

ਆਤਮਾ ਦੇ ਵਿਚ ਤ੍ਰਿਪਤੀ ਪਾਵੇਂ
ਆਸ਼ਾ ਚਿੰਤਾ ਮਨੋਂ ਭੁਲਾਵੇਂ।

26

ਇਹ ਮਨ ਚੰਚਲ ਟਿਕਦਾ ਨਾਹੀਂ
ਨਿੱਤ ਉੱਠ ਦੌੜੇ ਉਲਟੀ ਰਾਂਹੀਂ
ਮਨ ਨੂੰ ਰੋਕ ਤੇ ਵਾਗਾਂ ਫੜ ਲੈ
ਮਨ ਨੂੰ ਆਤਮਾ ਦੇ ਵਸ ਕਰ ਲੈ।

27

ਮਨ ਚੰਚਲ ਜਦ ਸ਼ਾਂਤ ਹੋ ਜਾਵੇ
ਰਜਗੁਣ ਜਿਸ ਨੂੰ ਨ ਭਰਮਾਵੇ
ਜਦ ਨਰ ਪਾਪ ਰਹਿਤ ਹੋ ਜਾਂਦਾ
ਤਦ ਫਿਰ ਬ੍ਰਹਮਾਨੰਦ ਨੂੰ ਪਾਂਦਾ।

28

ਸਭ ਪਾਪਾਂ ਥੋਂ ਦੂਰ ਰਹੇ ਜੋ
ਬ੍ਰਹਮ ਵਿਖੇ ਭਰ-ਪੂਰ ਰਹੇ ਜੋ
ਸੋ ਨਰ ਬ੍ਰਹਮ ਨਾਲ ਜੁੜ ਜਾਵੇ
ਤਦ ਓਹ ਬ੍ਰਹਮਾਨੰਦ ਨੂੰ ਪਾਵੇ।

29

ਯੋਗੀ ਯੋਗ ਤੱਤ ਨੂੰ ਭੇਖੇ
ਆਤਮਾ ਵਿਚ ਸਭ ਸ੍ਰਿਸ਼ਟੀ ਵੇਖੇ
ਸਭ ਸ੍ਰਿਸ਼ਟੀ ਵਿਚ ਆਤਮਾ ਜਾਣੇ
ਸੋ ਸਮਦਰਸ਼ੀ ਤੱਤ ਪਛਾਣੇ।

30

ਜੋ ਯੋਗੀ ਮੁਝ ਵਿਚ ਚਿੱਤ ਧਰਦਾ
ਘਟ ਘਟ ਵਿਚ ਮੇਰਾ ਦਰਸ਼ਨ ਕਰਦਾ
ਜੋ ਕੋਈ ਯੋਗ ਯੁਕਤ ਹੋ ਜਾਵੇ
ਸਭ ਸ੍ਰਿਸ਼ਟੀ ਨੂੰ ਮੁਝ ਵਿਚ ਪਾਵੇ
ਮੈਥੋਂ ਦੂਰ ਓਹ ਹੋਂਦਾ ਨਾਹੀਂ
ਨ ਮੈਂ ਦੂਰ ਹੋਵਾਂ ਉਸ ਤਾਂਈਂ।

31

ਜੋ ਯੋਗੀ ਇਕ ਬ੍ਰਹਮ ਪਛਾਣੇ
ਘਟ ਘਟ ਵਿਆਪਕ ਮੈਨੂੰ ਜਾਣੇ
ਕਰ ਨਿਸਚੈ ਮੇਰਾ ਭਜਨ ਕਰੇਂਦਾ
ਬ੍ਰਹਮ ਰੂਪ ਵਿਚ ਮਗਨ ਹੋ ਰਹਿੰਦਾ
ਜਗ ਝੰਜਟ ਵਿਚ ਸੋ ਨਹੀਂ ਫਸਦਾ
ਸੋ ਨਰ ਸਦਾ ਹੀ ਮੁਝ ਵਿਚ ਵਸਦਾ।

32

ਘਟ ਘਟ ਵਿਚ ਜੋ ਏਕਤਾ ਵੇਖੇ
ਸਰਬ ਆਤਮਾ ਇਕ ਸਮ ਭੇਖੇ
ਸੁਖ ਦੁਖ ਵਿਚ ਵੀ ਏਕਤਾ ਪਾਵੇ
ਸੋ ਪੂਰਣ ਯੋਗੀ ਸਦਵਾਵੇ।

33

*ਅਰਜੁਨ ਉਵਾਚ!*

ਹੇ ਭਗਵਾਨ ਦੇਵਕੀ ਜਾਇਆ!
ਤੂੰ ਜੋ ਯੋਗ ਉਪਦੇਸ਼ ਸੁਣਾਇਆ
ਉਸਦੀ ਨੀਂਹ ਥਿਰ ਨਜ਼ਰ ਨ ਆਵੇ
ਚੰਚਲਤਾ ਮਨ ਨੂੰ ਡੋਲਾਵੇ।

34

ਇਹ ਮਨ ਚੰਚਲ ਨੰਦ ਦੇ ਲਾਲਾ!
ਇਹ ਮਨ ਹਠੀ ਬਹੁਤ ਬਲਵਾਲਾ
ਇਹ ਮਨ ਮੋੜਿਆਂ ਮੁੜਦਾ ਨਾਹੀਂ
ਰਾਤ ਦਿਨੇ ਉੱਠ ਪੈਂਦਾ ਰਾਂਹੀਂ
ਚੰਚਲਤਾ ਥੋਂ ਇਹ ਨਹੀਂ ਉਕਦਾ
ਪਵਨ ਵੇਗ ਸਮ ਇਹ ਨ ਰੁਕਦਾ।

35

*ਸ਼੍ਰੀ ਭਗਵਾਨ ਉਵਾਚ!*

ਸੱਚ ਪਾਰਥ ਇਹ ਕੰਮ ਨਹੀਂ ਸੌਖਾ
ਮਨ ਚੰਚਲ ਵਸ ਕਰਨਾ ਔਖਾ
ਫੇਰ ਵੀ ਹੇ ਵੱਡ ਬਾਹੂ ਅਰਜੁਨ!

ਮਨ ਵੈਰਾਗ ਅਭਿਆਸ ਦੇ ਕਾਰਣ
ਚੰਚਲਤਾ ਥੋਂ ਦੂਰ ਹੋ ਜਾਂਦਾ
ਇਹ ਮਨ ਚੰਚਲ ਵਸ ਵਿਚ ਆਂਦਾ।

**36**

ਮਨ ਜਿਸਦਾ ਵਸ ਵਿਚ ਨਾਹੀਂ
ਯੋਗ ਨਹੀਂ ਲਭਦਾ ਉਸ ਤਾਂਈਂ
ਇਹ ਮਨ ਜਿਸਦਾ ਵਸ ਵਿਚ ਆਵੇ
ਉਸਦਾ ਯੋਗ ਸਫਲ ਹੋ ਜਾਵੇ।

**37**

*ਅਰਜੁਨ ਉਵਾਚ!*

ਸ਼ਰਧਾ ਨਾਲ ਜੋ ਯੋਗ ਨੂੰ ਲੋੜੇ
ਕਰ ਕਰ ਯਤਨ ਜੋ ਮਨ ਨੂੰ ਮੋੜੇ
ਜੇਕਰ ਫੇਰ ਵੀ ਯੋਗ ਨ ਪਾਵੇ
ਜੇਕਰ ਫੇਰ ਵੀ ਮਨ ਭਰਮਾਵੇ
ਸੋ ਨਰ ਕੌਣ ਗਤੀ ਨੂੰ ਪਾਂਦਾ?

ਹੇ ਭਗਵਾਨ! ਦਸ ਹਾਲ ਤਿਨ੍ਹਾਂ ਦਾ।

**38**

ਸੋ ਨਰ ਹੋ ਨਿਰਆਸਰਾ ਰੁਲ ਕੇ
ਬ੍ਰਹਮ ਦੇ ਮਾਰਗ ਵਿਚ ਭੁੱਲ ਭੁੱਲ ਕੇ
ਬੱਦਲ ਸਮ ਛਿਨ ਭਿਨ ਹੋ ਜਾਵੇ
ਯਾ, ਕੀ ਹੋਰ ਗਤੀ ਓਹ ਪਾਵੇ?

**39**

ਹੇ ਭਗਵਨ! ਇਹ ਗਲ਼ ਸਮਝਾ ਦੇ
ਮੇਰੇ ਮਨ ਦਾ ਭਰਮ ਮਿਟਾ ਦੇ
ਤੁਧ ਬਿਨ ਸੰਸ਼ੈ ਕੌਣ ਮਿਟਾਵੇ
ਤੁਧ ਬਿਨ ਮਾਰਗ ਕੌਣ ਦਿਖਾਵੇ।

**40**

*ਸ਼੍ਰੀ ਭਗਵਾਨ ਉਵਾਚ!*

ਹੇ ਪਾਰਥ ਜੋ ਯਤਨ ਕਰੇਂਦੇ
ਯੋਗ ਦੇ ਮਾਰਗ ਕਦਮ ਧਰੇਂਦੇ

ਫੇਰ ਵੀ ਜੋ ਸਿੱਧੀ ਨਹੀਂ ਪਾਂਦੇ
ਸੋ ਨਰ ਯੋਗਾਭ੍ਰਸ਼ਟ ਕਹਾਂਦੇ
ਯੋਗਾਭ੍ਰਸ਼ਟ ਨਾਸ਼ ਨਾਂ ਪਾਵਣ
ਨੀਚ ਜੂਨ ਵਿਚ ਕਦੀ ਨ ਜਾਵਣ
ਜੋ ਨਰ ਚੰਗਾ ਕਰਮ ਕਮਾਵੇ
ਕੀਕਣ ਨੀਚ ਗਤੀ ਸੋ ਪਾਵੇ।

41

ਜੋ ਨਰ ਯੋਗਾਭ੍ਰਸ਼ਟ ਹੋ ਜਾਵਣ
ਮਰ ਕੇ ਪੁਨਯ ਲੋਕ ਨੂੰ ਪਾਵਣ
ਚਿਰ ਤਕ ਵਾਸ ਕਰਨ ਉਸ ਥਾਂਈਂ
ਜਿਸ ਜਾ ਦੁਖ ਪਾਪ ਕੋਊ ਨਾਹੀਂ
ਤਦ ਫਿਰ ਮਾਨੁਸ਼ ਦੇਹ ਓਹ ਪਾਂਦੇ
ਚੰਗਿਆਂ ਧਰਮੀਆਂ ਦੇ ਘਰ ਆਂਦੇ।

42

ਕੋਈ ਕੋਈ ਜਦ ਮਾਨੁਸ਼ ਦੇਹ ਪਾਵਣ
ਯੋਗੀਆਂ ਦੇ ਘਰ ਜਨਮ ਲੈ ਆਵਣ
ਅੱਤ ਦੁਰਲਭ ਇਹ ਜਨਮ ਕਹਾਵੇ
ਜਨਮ ਐਸਾ ਕੋਈ ਵਿਰਲਾ ਪਾਵੇ।



43–44

ਯੋਗੀਆਂ ਦੀ ਕੁਲ ਵਿਚ ਜੋ ਆਂਦਾ
ਉਸਦਾ ਧਿਆਨ ਮਗਰ ਜੁੜ ਜਾਂਦਾ
ਸੰਸਕਾਰ ਪਿਛਲੇ ਜਨਮਾਂ ਦੇ
ਯੋਗ ਮਾਰਗ ਵੱਲ ਖਿੱਚ ਲੈ ਜਾਂਦੇ
ਸੋ ਜਿਗਿਆਸੂ ਮੋਖਸ਼ ਨੂੰ ਪਾਵੇ
ਸ਼ਬਦ ਬ੍ਰਹਮ ਥੋਂ ਪਾਰ ਹੋ ਜਾਵੇ।

45
ਕਰ ਕਰ ਯਤਨ ਜੋ ਉੱਦਮ ਕਰਦੇ
ਪਾਪ ਕਰਮ ਵਿਚ ਮਨ ਨ ਧਰਦੇ
ਜਨਮ ਜਨਮ ਵਿਚ ਯੋਗ ਕਮਾਂਦੇ
ਯੋਗ ਕਰਨ ਵਿਚ ਸਿੱਧੀ ਪਾਂਦੇ
ਤਦ ਓਹ ਪਰਮ ਗਤੀ ਨੂੰ ਪਾਵਣ
ਤਦ ਓਹ ਪ੍ਰਾਣੀ ਮੁਕਤ ਹੋ ਜਾਵਣ।

46
ਤਪੀ ਤਪੀਸ਼ਰ ਪੰਡਿਤ ਗਿਆਨੀ
ਕਰਮ ਕਰਨ ਵਾਲੇ ਸਭ ਪ੍ਰਾਣੀ
ਯੋਗੀ ਥੋਂ ਸਭ ਘਟ ਹਨ ਅਰਜੁਨ
ਯੋਗ ਕਮਾ ਯੋਗੀ ਬਣ ਅਰਜੁਨ।

47
ਯੋਗੀਆਂ ਵਿਚ ਸੋ ਉੱਚ ਸਦਾਵਣ
ਜੋ ਕੋਈ ਧਿਆਨ ਮੇਰੇ ਵਿਚ ਲਾਵਣ
ਸ਼ਰਧਾ ਨਾਲ ਜੋ ਮੁਝ ਨੂੰ ਧਿਆਂਦੇ
ਸੋ ਸਭ ਥੋਂ ਉੱਤਮ ਅਖਵਾਂਦੇ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਆਤਮ ਸੰਜਮ ਯੋਗ ਨਾਮਕ ਛੇਵਾਂ ਅਧਿਆਇ ਸਮਾਪਤ ਹੋਇਆ।*



# ਸੱਤਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸੰਨਿਆਸ ਯੋਗ



**1**

*ਸ਼੍ਰੀ ਭਗਵਾਨ ਉਵਾਚ!*

ਕੇਵਲ ਮੇਰੇ ਆਸਰੇ ਆਕੇ
ਚਿਤ ਵ੍ਰਿਤੀ ਮੇਰੇ ਵਿਚ ਲਾਕੇ
ਜਦ ਪਾਰਥ ਤੂੰ ਯੋਗ ਕਮਾਵੇਂ
ਜਦ ਤੂੰ ਬ੍ਰਹਮ ਨਾਲ ਜੁੜ ਜਾਵੇਂ
ਪੂਰਨ ਰੂਪ ਤੂੰ ਜਾਣੇ ਮੈਨੂੰ
ਸੋ ਸੁਣ ਗਿਆਨ ਸੁਨਾਵਾਂ ਤੈਨੂੰ

**2**

ਸ਼ਾਸਤਰ ਵੇਦ ਹੈ ਜੋ ਸਿਖਲਾਂਦਾ
ਸੋ ਅਰਜੁਨ ਹੈ ਗਿਆਨ ਕਹਾਂਦਾ
ਅਨੁਭਵ ਨਾਲ ਜੋ ਜਾਨਿਆ ਜਾਵੇ
ਪਾਰਥ ਸੋ ਵਿਗਿਆਨ ਕਹਾਵੇ
ਗਿਆਨ ਅਤੇ ਵਿਗਿਆਨ ਨੂੰ ਅਰਜੁਨ
ਤੱਤ ਰੂਪ ਵਿਚ ਜਾਣ ਤੂੰ ਅਰਜੁਨ
ਸੁਣ ਦੋਹਾਂ ਦਾ ਤੱਤ ਸੁਣਾਵਾਂ
ਅਰਥ ਖੋਲ ਤੈਨੂੰ ਸਮਝਾਵਾਂ
ਜਿਸ ਨੂੰ ਜਾਣ ਸਕਲ ਜਗ ਮਾਹੀਂ
ਜਾਨਣ ਜੋਗ ਕੋਈ ਗੱਲ ਨਾਹੀਂ

3

ਲੱਖਾਂ ਵਿਚ ਵਿਰਲਾ ਕੋਈ ਅਰਜੁਨ
ਯਤਨ ਕਰੇਂਦਾ ਸਿੱਧੀ ਕਾਰਣ
ਯਤਨ ਕਰਨ ਜੋ ਸਿੱਧ ਸਿਆਣੇ
ਕੋਈ ਵਿਰਲਾ ਮੇਰਾ ਰੂਪ ਪਛਾਣੇ

4

ਪ੍ਰਿਥਵੀ-ਜਲ ਅਗਨੀ ਹੇ ਅਰਜੁਨ!
ਵਾਯੂ-ਖੇਹ-ਆਕਾਸ਼ ਅਤੇ ਮਨ
ਅਹੰਕਾਰ ਤੇ ਬੁੱਧੀ ਤੇਰੀ
ਇਹ ਸਭ ਅੱਠ ਵਿਧ ਮਾਇਆ ਮੇਰੀ
ਅੱਠ ਵਿਧ ਜੋ ਇਹ ਕਹੇ ਪਦਾਰਥ
ਮੇਰੀ ਪ੍ਰਕਿਰਤੀ ਜਾਣ ਤੂੰ ਪਾਰਥ

5

ਅੱਠ ਵਿਧ ਮਾਇਆ ਪਾਰਥ ਮੇਰੇ
ਵਰਨਣ ਕੀਤੀਆਂ ਸਨਮੁਖ ਤੇਰੇ
ਇਹ ਸਭ ਹੀ ਨਿਕ੍ਰਿਸ਼ਟ ਕਹਾਵਣ
ਇਹ ਸਭ ਅਪਰਾ ਆਖੀਆਂ ਜਾਵਣ
ਇਸ ਥੋਂ ਪਰੇ ਜੋ ਮਾਇਆ ਮੇਰੀ
ਜਗ ਵਿਚ ਜੀਵਨ ਸ਼ਕਤੀ ਜੇਹੜੀ
ਪ੍ਰਾਣ ਰੂਪ ਜਗ ਮਾਂਹ ਸਮਾਵੇ
ਪਰਾ ਪ੍ਰਕਿਰਤੀ ਸੋ ਸਦਵਾਵੇ

6

ਪਰਾ ਅਪਰਾ ਦੇ ਮੇਲ ਥੋਂ ਅਰਜੁਨ
ਸਥਾਵਰ ਜੰਗਮ ਪ੍ਰਾਣੀ ਉਪਜਨ
ਮੈਂ ਪਾਰਥ ਸਭ ਜਗਤ ਰਚਾਵਾਂ
ਨਾਸ਼ ਦਾ ਕਾਰਣ ਵੀ ਬਣ ਜਾਵਾਂ

7

ਸੁਣ ਹੇ ਪਾਰਥ ਸਭ ਜਗ ਮਾਂਹੀ
ਮੈਥੋਂ ਪਰੇ ਹੋਰ ਕੁਝ ਨਾਹੀਂ
ਮਾਲਾ ਦੇ ਮਣਕੇ ਜਿਵੇਂ ਸਾਰੇ

ਵਿਚਰਨ ਇਕ ਧਾਗੇ ਦੇ ਸਹਾਰੇ
ਸਭ ਜੱਗ ਦਾ ਮੈਂ ਤਿਵੇਂ ਸਹਾਰਾ
ਓਤ ਪ੍ਰੋਤ ਮੁਝ ਵਿਚ ਜਗ ਸਾਰਾ

*8*

ਘਟ ਘਟ ਵਿਆਪ ਰਹਿਆ ਮੈਂ ਆਪੇ
ਜਿਵੇਂ ਪਾਰਥ ਜਲ ਵਿਚ ਰਸ ਵਿਆਪੇ
ਜਿਵੇਂ ਜਯੋਤੀ ਚੰਨ ਸੂਰਜ ਤਾਈਂ
ਓਮ ਅਕਸ਼ਰ ਜਿਵੇਂ ਵੇਦਾ ਮਾਂਹੀ
ਸ਼ਬਦ ਆਕਾਸ਼ ਵਿਚ ਪਾਰਥ ਮੈਂ
ਪੁਰਸ਼ਾਂ ਵਿਚ ਪੁਰਸ਼ਾਰਥ ਮੈਂ

*9*

ਪ੍ਰਿਥਵੀ ਵਿਖੇ ਸੁਗੰਧ ਹਾਂ ਮੈਂ
ਅੱਗ ਵਿਚ ਤੇਜ ਪ੍ਰਚੰਡ ਹਾਂ ਮੈਂ
ਪ੍ਰਾਣ ਹਾਂ ਮੈਂ ਸਭ ਜੀਵਾਂ ਮਾਹੀਂ
ਤਪ ਹਾਂ ਤਪੀ ਤਪੀਸ਼ਰਾਂ ਤਾਈਂ

*10*

ਜਗ ਦਾ ਕਾਰਣ ਮੈਨੂੰ ਜਾਣੀ
ਮੂਲ ਸਨਾਤਨ ਰੂਪ ਪਛਾਣੀਂ
ਮੈਂ ਬੁੱਧੀ ਬੁੱਧੀਮਾਨਾਂ ਤਾਈਂ
ਮੈਂ ਹਾਂ ਤੇਜ ਤੇਜਸਵੀਆਂ ਮਾਹੀਂ

*11*

ਬਲਵਾਨਾਂ ਵਿਚ ਮੈਂ ਬਲ ਸੋਈ
ਜਿਸ ਵਿਚ ਕਾਮਨਾ ਰਾਗ ਨਾ ਕੋਈ
ਮੈਂ ਸੋ ਕਾਮ ਪ੍ਰਾਣੀਆਂ ਮਾਹੀਂ
ਧਰਮੋਂ ਉਲਟ ਕਾਮ ਜੋ ਨਾਹੀਂ

*12*

ਸਤਿ ਰਜ ਤਮ ਤਿੰਨ ਭਾਵ ਜੋ ਅਰਜੁਨ
ਬੀਜ ਰੂਪ ਮੈਂ ਸਭ ਦਾ ਕਾਰਣ
ਇਹ ਤਿੰਨ ਗੁਣ ਵਿਚਰਨ ਮੁਝ ਮਾਹੀਂ
ਮੈਂ ਪਰ ਗੁਣ ਬੰਧਨ ਵਿਚ ਨਾਹੀਂ

13

ਸਤਿ ਰਜ ਤਮ ਭਾਵਾਂ ਜਗ ਮੋਹਿਆ
ਤਿਨ ਗੁਣ ਵਸ ਜਗ ਕਮਲਾ ਹੋਇਆ
ਦਸ ਪਾਰਥ ਮੈਨੂੰ ਕੀਕਣ ਜਾਣੇ
ਅਵਿਨਾਸ਼ੀ ਨੂੰ ਕਿਵੇਂ ਪਛਾਣੇ

14

ਤਿਨ ਗੁਣ ਮਾਇਆ ਮੈਂ ਜੋ ਵਰਨੀ
ਪਾਰਥ ਉਹ ਅਤਿ ਮੁਸ਼ਕਿਲ ਤਰਨੀ
ਪਰ ਜੋ ਸ਼ਰਨ ਮੇਰੀ ਵਿਚ ਆਵੇ
ਮਾਇਆ ਰੂਪ ਨਦੀ ਤਰ ਜਾਵੇ

15

ਜੋ ਪਾਪੀ ਨਿੱਤ ਪਾਪ ਕਮਾਂਦੇ
ਮੂਰਖ ਜੋ ਮੋਹ ਵਿਚ ਫਸ ਜਾਂਦੇ
ਯਾਂ ਜੋ ਨੇ ਅਗਿਆਨੀ ਬੰਦੇ
ਲਗੇ ਰਹਿਣ ਵਿਸ਼ਿਆਂ ਦੇ ਧੰਧੇ
ਐਸੇ ਨਰ ਮੈਨੂੰ ਨਾ ਧਿਆਵਣ
ਮੂਰਖ ਮੇਰੀ ਸ਼ਰਣ ਨਾ ਆਵਣ

16

ਚਾਰ ਪੁਰਸ਼ ਸ਼ੁਭ ਕਰਮ ਕਮਾਵਣ
ਚਾਰ ਭਗਤ ਮੇਰਾ ਨਾਮ ਧਿਆਵਣ
ਰੋਗੀ ਜਾਂ ਕੋਈ ਭੋਗੀ ਪ੍ਰਾਣੀ
ਜਾਂ ਜਿਗਿਆਸੂ ਜਾਂ ਕੋਈ ਗਿਆਨੀ

17

ਗਿਆਨੀ ਅਸਲ ਤੱਤ ਨੂੰ ਪਾਕੇ
ਕੇਵਲ ਮੇਰੀ ਸ਼ਰਣੀ ਆਕੇ
ਕੇਵਲ ਮੇਰਾ ਨਾਮ ਧਿਆਂਦਾ
ਸਭ ਭਗਤਾਂ ਥੋਂ ਸ੍ਰੇਸ਼ਟ ਕਹਾਂਦਾ
ਮੈਂ ਗਿਆਨੀ ਦਾ ਗਿਆਨੀ ਮੇਰਾ
ਮੇਰਾ ਉਸਦਾ ਪਿਆਰ ਘਨੇਰਾ

**18**

ਭਗਤਾਂ ਵਿਚ ਮੇਰਾ ਪ੍ਰੇਮ ਵਧੇਰਾ
ਪਰ ਗਿਆਨੀ ਹੈ ਆਤਮਾ ਮੇਰਾ
ਪਾਰਥ ਭਗਤ ਗਿਆਨੀ ਤਾਈਂ
ਮੁਝ ਬਿਨ ਕੋਈ ਆਸਰਾ ਨਾਹੀਂ

**19**

ਅਰਜੁਨ ਜਦ ਕਈ ਜਨਮ ਵਿਹਾਂਦੇ
ਤਦ ਫਿਰ ਗਿਆਨ ਮੁਝ ਨੂੰ ਪਾਂਦੇ
ਘਟ-ਘਟ ਵਿਚ ਮੇਰਾ ਰੂਪ ਪਛਾਣੇ
ਆਤਮ ਰੂਪ ਜਗਤ ਸਭ ਜਾਣੇ
ਹੇ ਪਾਰਥ ਜੋ ਐਸਾ ਪ੍ਰਾਣੀ
ਸੋ ਮਹਾਤਮਾ ਦੁਰਲੱਭ ਜਾਣੀ

**20**

ਭੋਗ ਵਾਸਨਾ ਵਸ ਜੋ ਆਂਦੇ
ਕਾਮਨਾ ਵਸ ਜੋ ਗਿਆਨ ਝਲਾਂਦੇ
ਪ੍ਰਕ੍ਰਿਤੀ ਅਨੁਸਾਰ ਵਿਚਰਦੇ
ਅਪਨੇ ਅਪਨੇ ਇਸ਼ਟ ਸਿਮਰਦੇ
ਮੈਨੂੰ ਛੱਡ ਹੋਰਨਾ ਨੂੰ ਧਿਆਂਦੇ
ਦੇਵਤਿਆਂ ਦੀ ਸ਼ਰਣੀ ਜਾਂਦੇ

**21**

ਜੋ ਜੋ ਜਿਸ ਜਿਸ ਇਸ਼ਟ ਨੂੰ ਧਿਆਵਣ
ਸ਼ਰਧਾ ਨਾਲ ਸ਼ਰਣ ਵਿਚ ਆਵਣ
ਸ਼ਰਧਾ ਭਗਤੀ ਨਾਲ ਜੋ ਅਰਜੁਨ
ਜੋ ਜੋ ਦੇਵਤਿਆਂ ਨੂੰ ਪੂਜਣ
ਸਭ ਦੀ ਸ਼ਰਧਾ ਪ੍ਰੇਮ ਵਧਾਵਾਂ
ਪਾਰਥ ਆਸਾਂ ਤੁਰਤ ਪਹੁੰਚਾਵਾਂ

**22**

ਸ਼ਰਧਾ ਨਾਲ ਜੋ ਇਸ਼ਟ ਸਿਮਰਦੇ
ਇਸ਼ਟ ਦੇਵ ਦਾ ਭਜਨ ਨੇ ਕਰਦੇ
ਜੋ ਵੀ ਇਸ਼ਟ ਮਨੋਰਥ ਚਾਹੁੰਦੇ

ਜਿਸ ਨੂੰ ਭੱਜਦੇ ਤਿਸ ਨੂੰ ਪਾਂਦੇ

23

ਅਰਜੁਨ ਥੋੜ੍ਹੀ ਅਕਲ ਜਿਨ੍ਹਾਂ ਦੀ
ਪੂਜਾ ਕਰਨ ਸੋ ਦੇਵਤਿਆਂ ਦੀ
ਇਸ ਪੂਜਾ ਦਾ ਜੋ ਫ਼ਲ ਅਰਜੁਨ
ਉਸ ਨੂੰ ਨਾਸ਼ਵਾਨ ਸਭ ਜਾਨਣ
ਦੇਵਤਿਆਂ ਨੂੰ ਜੋ ਨਰ ਧਿਆਵੇ
ਦੇਵਤਿਆਂ ਨੂੰ ਸੋ ਨਰ ਪਾਵੇ
ਭਗਤ ਮੇਰੇ ਮੈਨੂੰ ਜੋ ਧਿਆਂਦੇ
ਮੇਰੇ ਸਤਿ ਰੂਪ ਨੂੰ ਪਾਂਦੇ

24

ਬੁੱਧੀ ਹੀਨ ਨਾ ਤੱਤ ਪਛਾਨਣ
ਮੇਰਾ ਸਤਿ ਸੂਰੂਪ ਨਾ ਜਾਨਣ
ਨਿਰਾਕਾਰ ਅਵਿਅਕਤ ਨੂੰ ਅਰਜੁਨ
ਵਿਅਕਤ ਰੂਪ ਸਾਕਾਰ ਉਹ ਮੰਨਣ

25

ਜਗ ਮਾਇਆ ਵਿਚ ਮੈਂ ਛੁਪ ਜਾਵਾਂ
ਖ਼ਲਕਤ ਨੂੰ ਮੈਂ ਨਜ਼ਰ ਨਾ ਆਵਾਂ
ਮੂੜ੍ਹ ਜਗਤ ਮੈਨੂੰ ਨਾ ਜਾਣੇ
ਅਜਰ ਅਵਿਨਾਸ਼ੀ ਨੂੰ ਨਾ ਪਛਾਣੇ

26

ਭੂਤ ਭਵਿਖ ਦਾ ਹਾਲ ਮੈਂ ਜਾਣਾ
ਵਰਤਮਾਨ ਦਾ ਤੱਤ ਪਛਾਣਾ
ਤਿੰਨ ਕਾਲ ਵਿਚ ਜੋ ਕੋਈ ਵਿਚਰਨ
ਮੈਂ ਸਭ ਦੀ ਗਤਿ ਜਾਣਾ ਅਰਜੁਨ
ਪਰ ਮੈਨੂੰ ਨਾ ਲੋਕ ਪਛਾਨਣ
ਮੇਰਾ ਸਤਿ ਸਰੂਪ ਨਾ ਜਾਨਣ

27

ਇੱਛਿਆ ਦਵੇਸ਼ ਥੋਂ ਪਾਰਥ ਪਿਆਰੇ
ਜਗ ਵਿਚ ਸੁੱਖ ਦੁੱਖ ਉਪਜਣ ਸਾਰੇ

ਦਵੰਦਾਂ ਵਿਚ ਪ੍ਰਾਣੀ ਫਸ ਜਾਂਦੇ
ਮੋਹ ਵਿਚ ਫਸ ਮੇਰਾ ਗਿਆਨ ਭੁਲਾਂਦੇ

28

ਪੁੰਨ ਕਰਮ ਜੋ ਲੋਕ ਕਮਾਵਣ
ਪਾਪ ਜਿਨ੍ਹਾਂ ਦੇ ਨਾਸ਼ ਹੋ ਜਾਵਣ
ਸੁਖ ਦੁਖ ਥੋਂ ਸੋ ਦੂਰ ਹੋ ਜਾਂਦੇ
ਨਿਸ਼ਚੇ ਨਾਲ ਉਹ ਮੈਨੂੰ ਧਿਆਂਦੇ

29

ਮੌਤ ਬੁਢਾਪੇ ਦਾ ਦੁੱਖ ਭਾਰਾ
ਜੋ ਉਸ ਥੋਂ ਲੱਭਦੇ ਛੁਟਕਾਰਾ
ਗਿਆਨ ਕਰਮ ਵਿਚ ਧਿਆਨ ਧਰੇਂਦੇ
ਮੇਰੇ ਆਸਰੇ ਯਤਨ ਕਰੇਂਦੇ
ਪਾਰਬ੍ਰਹਮ ਤੇ ਕਰਮ ਨੂੰ ਜਾਨਣ
ਆਤਮਾ ਦਾ ਸੋ ਤੱਤ ਪਛਾਨਣ

30

ਅਧੀਭੂਤ ਅਧੀ ਦੇਵ ਦਾ ਅਰਜੁਨ
ਤੇ ਅਧਿਯਗਯ ਦੇ ਤੱਤ ਨੂੰ ਜਾਨਣ
ਸਤਿ ਜਾਣ ਮੇਰਾ ਚਿੰਤਨ ਕਰਦੇ
ਬ੍ਰਹਮ ਸਮਾਧੀ ਵਿਚ ਚਿਤ ਧਰਦੇ
ਮੇਰੇ ਪੂਰਣ ਗਿਆਨ ਨੂੰ ਪਾਂਦੇ
ਮਰਨ ਸਮੇਂ ਵੀ ਮੈਨੂੰ ਧਿਆਂਦੇ

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਸੰਨਿਆਸ ਯੋਗ ਨਾਮਕ ਸੱਤਵਾਂ ਅਧਿਆਇ ਸਮਾਪਤ ਹੋਇਆ*

# ਅੱਠਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸਾਮਵੇਦ ਤਾਰਕ ਬ੍ਰਹਮਯੋਗ



**1**

ਅਰਜੁਨ ਉਵਾਚ

ਹੇ ਪੁਰਸ਼ੋਤਮ ਹੇ ਗਿਰਧਾਰੀ
ਕੀ ਹੈ ਬ੍ਰਹਮ ਹੇ ਕ੍ਰਿਸ਼ਣ ਮੁਰਾਰੀ?
ਅਧਿਆਤਮ ਕੀ ਹੈ ਫਰਮਾਓ?
ਕਰਮ ਕੀ ਹੈ? ਇਹ ਗੱਲ ਸਮਝਾਓ
ਅਧੀ ਭੂਤ ਕੀ ਸ਼ੈਅ ਅਖਵਾਵੇ
ਅਧੀ ਦੇਵ ਕਿਸ ਨੂੰ ਕਹਿਆ ਜਾਵੇ ।

**2**

ਇਸ ਦੇਹ ਵਿਚ ਦੱਸ ਹੇ ਮਧੁਸੂਦਨ
ਅਧੀ ਯੱਗ ਕੀ ਹੈ ਤੇ ਕੀਕਣ ?
ਜੋ ਨਰ ਅਪਨਾ ਮਨ ਜਿੱਤ ਜਾਂਦੇ
ਨਿਯਮ ਅੰਦਰ ਹਨ ਚਿਤ ਜਿਨ੍ਹਾਂ ਦੇ
ਮਰਨ ਸਮੇਂ ਦੱਸ ਕ੍ਰਿਸ਼ਣ ਮੁਰਾਰੀ

ਜਾਨਣ ਕਿਵੇਂ ਤੈਨੂੰ ਗਿਰਧਾਰੀ ।

**3**

*ਸ਼੍ਰੀ ਭਗਵਾਨ ਉਵਾਚ!*

ਨਿਰਵਿਕਾਰ ਜੋ ਨਾਸ਼ ਨਾ ਪਾਵੇ
ਸੋਈ ਅਕਸ਼ਰ ਬ੍ਰਹਮ ਕਹਾਵੇ
ਆਤਮਾ ਵਾਂਗੂ ਘਟ ਘਟ ਵਿਆਪੇ
ਜਿਸਦੀ ਸੱਤਾ ਥਾਂ ਥਾਂ ਜਾਪੇ
ਸਭ ਥਾਂ ਸਹਿਜ ਸੁਭਾਵ ਸਮਾਵੇ
ਅਧਿਆਤਮ ਤਿਸ ਨੂੰ ਕਹਿਆ ਜਾਵੇ
ਇਸ ਜਗ ਵਿਖੇ ਵਿਹਾਰ ਜੋ ਸਾਰੇ
ਇਹ ਜਗ ਵਿਚਰੇ ਜਿਨ੍ਹਾਂ ਸਹਾਰੇ
ਯੱਗ ਦਾਨ ਜੋ ਕੀਤੇ ਜਾਵਣ!
ਹੇ ਪਾਰਥ ਸੋ ਕਰਮ ਕਹਾਵਣ ।

**4**

ਜੋ ਜੋ ਨਾਸ਼ਵਾਨ ਹੈ ਪਾਰਥ
ਸੋ ਸਭ ਨੇ ਅਧੀ ਭੂਤ ਹੇ ਪਾਰਥ
ਆਤਮਾ ਪੁਰਸ਼ ਅਧੀ ਦੇਵ ਕਹਾਂਦਾ
ਇੰਦਰੀਆਂ ਥੋਂ ਜੋ ਕਰਮ ਕਰਾਂਦਾ
ਇਸ ਦੇਹ ਥੋਂ ਜੋ ਯੱਗ ਕਰਾਵੇ
ਸੋ ਕਰਤਾ ਅਧਿਯਗਯ ਕਹਾਵੇ ।

**5**

ਅੰਤ ਕਾਲ ਜੋ ਮੈਨੂੰ ਧਿਆਵੇ
ਸਿਮਰਨ ਕਰਦਾ ਦੇਹ ਛੱਡ ਜਾਵੇ
ਨਿਰਸੰਸੇ ਮੁਕਤ ਹੋ ਜਾਂਦਾ
ਮੇਰੇ ਪਰਮ ਭਾਵ ਨੂੰ ਪਾਉਂਦਾ ।

**6**

ਮਰਨ ਸਮੇਂ ਜਿਸ ਰੂਪ ਨੂੰ ਧਿਆਵੇ
ਦੇਹ ਛੱਡ ਕੇ ਤਿਸ ਭਾਵ ਨੂੰ ਪਾਵੇ
ਜਿਸ ਨੂੰ ਸਿਮਰਨ ਤਿਸ ਨੂੰ ਪਾਵਣ
ਸਭ ਅਪਨੇ ਸੁਭਾਵ ਤੇ ਜਾਵਣ ।

7

ਪਲ ਪਲ ਮੇਰਾ ਨਾਮ ਸਿਮਰ ਤੂੰ
ਨਾਮ ਸਿਮਰਦਾ ਯੁੱਧ ਵੀ ਕਰ ਤੂੰ
ਮਨ ਬੁੱਧੀ ਕਰ ਮੇਰੇ ਅਰਪਨ
ਤਦ ਤੂੰ ਮੈਨੂੰ ਪਾਵੇਂ ਅਰਜੁਨ ।

8

ਤਪ ਅਭਿਆਸ ਕਰੇਂ ਤੂੰ ਅਰਜੁਨ
ਯੋਗ ਵਿਖੇ ਚਿਤ ਧਰੇ ਤੂੰ ਅਰਜੁਨ
ਸਭ ਜਗ ਨਾਲੋਂ ਤਾਰ ਜੇ ਤੋੜੇਂ
ਚਿਤ ਕੇਵਲ ਮੇਰੇ ਵਿਚ ਜੋੜੇਂ
ਜਦ ਤੂੰ ਅਰਜੁਨ ਮੈਨੂੰ ਧਿਆਵੇਂ
ਪਰਮ ਪੁਰਸ਼ ਨੂੰ ਸਹਿਜ ਹੀ ਪਾਵੇਂ ।

9

ਜੋ ਤਿੰਨ ਕਾਲ ਨੂੰ ਜਾਣੇ ਈਸ਼ਵਰ
ਸੋਈ ਕਹਾਂਦਾ ਹੈ ਜਗਦੀਸ਼ਵਰ
ਪਰਮ ਪੁਰਾਤਨ ਸ਼ਾਸਕ ਸਭ ਦਾ
ਅਤਿ ਸੂਖਮ ਸਰੂਪ ਹੈ ਪ੍ਰਭ ਦਾ
ਹੁਕਮੀ ਸਭ ਸੰਸਾਰ ਚਲਾਵੇ
ਫਲ ਕਰਮਾਂ ਦਾ ਤੁਰੰਤ ਪਹੁੰਚਾਵੇ
ਵਿਦਮਾਨ ਈਸ਼ਵਰ ਸਦਵਾਂਦਾ
ਸੋਚਾਂ ਚਿੰਤਨ ਵਿਚ ਨਹੀਂ ਆਂਦਾ
ਸੂਰਜ ਸਮ ਪ੍ਰਕਾਸ਼ ਹੈ ਜਿਸਦਾ
ਅੰਧਕਾਰ ਯੋਂ ਦੂਰ ਜੋ ਦਿਸਦਾ
ਜੋ ਨਰ ਐਸੇ ਪ੍ਰਭੂ ਨੂੰ ਧਿਆਵੇ
ਸੋ ਨਰ ਸਹਿਜ ਪਰਮ ਪਦ ਪਾਵੇ ।

10

ਪਾਰਥ ਅੰਤ ਸਮਾਂ ਜਦ ਆਵੇ
ਮੌਤ ਖੜੀ ਜਦ ਸ਼ਕਲ ਦਿਖਾਵੇ
ਤਦ ਵੀ ਮਨ ਚੰਚਲ ਨੂੰ ਰੋਕੇ
ਸੋਚ ਕਰੇ ਇਕ ਪਾਸੇ ਹੋਕੇ

ਭਗਤੀ ਭਜਨ ਅੰਦਰ ਚਿਤ ਲਾਵੇ
ਮਨ ਥਿਰ ਕਰਕੇ ਯੋਗ ਕਮਾਵੇ
ਪ੍ਰਾਣਾਂ ਨੂੰ ਤਦ ਸੰਯਮ ਕਰਕੇ
ਭ੍ਰਕੁਟੀ ਨੂੰ ਮਸਤਕ ਵਿਚ ਧਰਕੇ
ਯੋਗੀ ਜਦ ਸਮ ਚਿਤ ਹੋ ਜਾਂਦੇ
ਪੁਰਸ਼ ਪੁਰਾਤਨ ਦੇ ਗੁਣ ਗਾਂਦੇ
ਈਸ਼ਵਰ ਦੀਆਂ ਸਿਫਤਾਂ ਨੂੰ ਧਿਆਂਦਾ
ਸੋ ਯੋਗੀ ਈਸ਼ਵਰ ਨੂੰ ਪਾਂਦਾ ।

**11**

ਵੇਦ ਗਿਆਨ ਨੂੰ ਜਾਨਣ ਵਾਲੇ
ਅਕਸ਼ਰ ਰੂਪ ਪਛਾਨਣ ਵਾਲੇ
ਆਖਣ ਜਿਸ ਨੂੰ ਘਟ ਘਟ ਵਾਸੀ
ਜੋ ਹੈ ਨਾਸ਼ ਰਹਿਤ ਅਵਿਨਾਸ਼ੀ
ਯਤਨਸ਼ੀਲ ਵੈਰਾਗੀ ਗਿਆਨੀ
ਮੋਹ ਮਮਤਾ ਥੋਂ ਰਹਿਤ ਪ੍ਰਾਣੀ
ਦੁਨੀਆਂ ਨਾਲੋਂ ਨਾਤਾ ਤੋੜਨ
ਪਾਰ ਬ੍ਰਹਮ ਸੰਗ ਰਿਸ਼ਤਾ ਜੋੜਨ
ਸਭ ਦਿਸਦੇ ਯਾਚਕ ਉਸ ਪ੍ਰਭ ਦੇ
ਥਾਂ ਥਾਂ ਬ੍ਰਹਮਚਾਰੀ ਨੇ ਲੱਭਦੇ
ਉਸ ਪ੍ਰਭ ਦਾ ਦਰਸ਼ਨ ਕਰਵਾਵਾਂ
ਬੀਜ ਰੂਪ ਮਾਰਗ ਦਰਸ਼ਾਵਾਂ ।

**12**

ਇੰਦਰੀਆਂ ਸਭ ਵੱਸ ਵਿਚ ਕਰਕੇ
ਮਨ ਵ੍ਰਿਤੀ ਹਿਰਦੇ ਵਿਚ ਧਰਕੇ
ਮਸਤਕ ਵਿਚ ਜਾ ਪ੍ਰਾਣ ਟਿਕਾਵੇ
ਧਾਰਨ ਕਰਕੇ ਯੋਗ ਕਮਾਵੇ ।

**13**

ਓਮ ਓਮ ਤਦ ਮੁਖ ਥੋਂ ਉਚਾਰੇ
ਓਮ ਨਾਮ ਦਾ ਅਰਥ ਚਿਤਾਰੇ
ਓਮ ਓਮ ਕਹਿ ਦੇਹ ਛੱਡ ਜਾਵੇ

ਸੋ ਨਰ ਪਰਮ ਗਤੀ ਨੂੰ ਪਾਵੇ ।

**14**

ਜੋ ਕੇਵਲ ਮੁਕਤ ਵਿਚ ਚਿਤ ਧਰਦਾ
ਸਦਾ ਜੋ ਮੇਰਾ ਸਿਮਰਨ ਕਰਦਾ
ਸਦਾ ਹੀ ਜੋ ਨਰ ਯੋਗ ਕਮਾਵੇ
ਧਿਆਨ ਸਦਾ ਮੇਰੇ ਵਿਚ ਲਾਵੇ
ਪਾਰਥ ਮੈਂ ਤਿਸ ਨੂੰ ਅਪਣਾਵਾਂ
ਸਹਿਜ ਹੀ ਉਸ ਨੂੰ ਮੈਂ ਮਿਲ ਜਾਵਾਂ ।

**15**

ਭਗਤ ਮੇਰੇ ਜੋ ਮੈਨੂੰ ਧਿਆਂਦੇ
ਜਨਮ ਬੰਧਨੋਂ ਥੋਂ ਛੁੱਟ ਜਾਂਦੇ
ਜਨਮ ਚੱਕਰ ਵਿਚ ਦੁਖ ਹੈ ਦਿਸਦਾ
ਕੋਈ ਥਿਰ ਰੂਪ ਨਾ ਜਾਪੇ ਇਸਦਾ
ਜੋ ਮਹਾਤਮਾ ਮੈਨੂੰ ਧਿਆਂਦੇ
ਪਰਮ ਗਤੀ ਸਿੱਧੀ ਨੂੰ ਪਾਂਦੇ
ਸੋ ਨਰ ਜੀਵਨ ਮੁਕਤ ਕਹਾਵਣ
ਜਨਮ ਮਰਣ ਵਿਚ ਕਦੀ ਨਾ ਆਵਣ ।

**16**

ਬ੍ਰਹਮ ਲੋਕ ਤਕ ਜੋ ਨਰ ਜਾਵਣ
ਜਨਮ ਮਰਨ ਵਿਚ ਫਿਰ ਵੀ ਆਵਣ
ਪਰ ਜੋ ਮੁਝ ਵਿਚ ਲੀਨ ਹੋ ਜਾਂਦੇ
ਸੋ ਪ੍ਰਾਣੀ ਫਿਰ ਜਨਮ ਨਾ ਪਾਂਦੇ ।

**17**

ਕਈ ਹਜ਼ਾਰਾਂ ਯੁਗ ਜਦ ਗੁਜ਼ਰਨ
ਬ੍ਰਹਮਾ ਦਾ ਤਦ ਇਕ ਦਿਨ ਮੰਨਣ
ਪਾਰਥ ਕਈ ਹਜ਼ਾਰ ਯੁਗਾਂ ਦੀ
ਬ੍ਰਹਮਾ ਦੀ ਇਕ ਰਾਤ ਕਹਾਂਦੀ
ਬ੍ਰਹਮ ਕਾਲ ਦਾ ਤੱਤ ਜੋ ਪਛਾਨਣ
ਸੋ ਨਰ ਏਸ ਰਮਜ਼ ਨੂੰ ਜਾਨਣ ।

18

ਬ੍ਰਹਮਾ ਦਾ ਦਿਨ ਜਦ ਚੜ੍ਹ ਜਾਂਦਾ
ਸ੍ਰਿਸ਼ਟੀ ਵਿਚ ਇਕ ਜੀਵਨ ਆਂਦਾ
ਜੋ ਅਵਿਅਕਤ ਨਜ਼ਰ ਨਾ ਆਵਣ
ਜਾਨਣ ਯੋਗ ਵਿਅਕਤ ਬਣ ਜਾਵਣ
ਤਦ ਸਥਾਵਰ ਜੰਗਮ ਬਣ ਜਾਂਦੇ
ਸਮਝਣ ਯੋਗ ਸ਼ਕਲ ਵਿਚ ਆਂਦੇ
ਜਦ ਬ੍ਰਹਮਾ ਦੀ ਰਾਤ ਹੈ ਆਂਦੀ
ਸ੍ਰਿਸ਼ਟੀ ਸਭ ਅਵਿਅਕਤ ਹੋ ਜਾਂਦੀ ।

19

ਸਥਾਰ ਜੰਗਮ ਭੂਤ ਪ੍ਰਾਣੀ
ਬਾਰ ਬਾਰ ਉਪਜਣ ਇਹ ਜਾਣੀ
ਦਿਨ ਚੜ੍ਹਿਆ ਉਤਪਤ ਹੋ ਜਾਵਣ
ਰਾਤੀਂ ਬ੍ਰਹਮਾ ਵਿਖੇ ਸਮਾਵਣ
ਬ੍ਰਹਮਾ ਦਾ ਦਿਨ ਫਿਰ ਜਦ ਆਵੇ
ਸ੍ਰਿਸ਼ਟੀ ਫਿਰ ਉਤਪਤ ਹੋ ਜਾਵੇ ।

20

ਬ੍ਰਹਮ ਰਾਤ ਪਰਲੈ ਜਦ ਆਵੇ
ਮਾਇਆ ਤਦ ਅਵਿਅਕਤ ਹੋ ਜਾਵੇ
ਬ੍ਰਹਮ ਉਸ ਥੋਂ ਵੋ ਪਰੇ ਵਿਆਪੇ
ਸਤਿ ਸਨਾਤਨ ਸੂਕਸ਼ਮ ਜਾਪੇ
ਸਭ ਸ੍ਰਿਸ਼ਟੀ ਜਦ ਨਾਸ਼ ਹੋ ਜਾਵੇ
ਤਦ ਵੀ ਘਟ ਘਟ ਬ੍ਰਹਮ ਸਮਾਵੇ ।

21

ਜੋ ਅਕਸ਼ਰ ਅਵਿਅਕਤ ਸਦਾਵੇ
ਨਾਸ਼ ਰਹਿਤ ਜੋ ਬ੍ਰਹਮ ਕਹਾਵੇ
ਸੋ ਤੂੰ ਸੂਕਸ਼ਮ ਬ੍ਰਹਮ ਪਛਾਣੀਂ
ਤਿਸ ਨੂੰ ਪਰਮ ਗਤਿ ਤੂੰ ਜਾਣੀਂ
ਜਦ ਪ੍ਰਾਣੀ ਇਸ ਭਾਵ ਨੂੰ ਪਾਵਣ
ਜਨਮ ਮਰਨ ਵਿਚ ਫੇਰ ਨਾ ਆਵਣ
ਅਕਸ਼ਰ ਬ੍ਰਹਮ ਨਾਮ ਹੈ ਮੇਰਾ

ਸੋਈ ਪਰਮ ਧਾਮ ਹੈ ਮੇਰਾ ।

22

ਪਰਮ ਪੁਰਸ਼ ਸੋ ਬ੍ਰਹਮ ਕਹਾਵੇ
ਜਿਸ ਵਿਚ ਸਾਰਾ ਜਗਤ ਸਮਾਵੇ
ਜਿਸ ਦਾ ਅੰਤ ਕਿਸੇ ਨਹੀਂ ਪਾਇਆ
ਜਿਸ ਨੇ ਸਭ ਬ੍ਰਹਮੰਡ ਰਚਾਇਆ
ਅੰਤਿਮ ਗਿਆਨੀ ਤਿਸ ਨੂੰ ਧਿਆਂਦੇ
ਕਰ ਭਗਤੀ ਤਿਸ ਬ੍ਰਹਮ ਨੂੰ ਪਾਂਦੇ ।

23

ਜਦ ਯੋਗੀ ਦੇਹ ਨੂੰ ਛੱਡ ਜਾਵਣ
ਮਰ ਕੇ ਫੇਰ ਜਨਮ ਨਾ ਪਾਵਣ
ਐਸਾ ਕੌਣ ਸਮੇਂ ਹੈ ਪਾਰਥ
ਵਰਨਣ ਕਰਨ ਲੱਗਾਂ ਸੁਣ ਪਾਰਥ ।

24

ਸੂਰਜ ਉਤਰਾਇਣ ਵਿਚ ਆਵੇ
ਸ਼ੁਕਲ ਪਕਸ਼ ਜੱਗ ਨੂੰ ਚਮਕਾਵੇ
ਦਿਨ ਦੇ ਵੇਲੇ ਪ੍ਰਾਣ ਤਿਆਗੇ
ਜਯੋਤੀ ਅਗਨ ਦੇ ਮਾਰਗ ਲਾਗੇ
ਐਸਾ ਬ੍ਰਹਮ ਉਪਾਸਕ ਗਿਆਨੀ
ਪਰਮ ਬ੍ਰਹਮ ਨੂੰ ਮਿਲੇ ਸੋ ਪ੍ਰਾਣੀ ।

25

ਧੂਆਂ ਧਾਰ ਤੇ ਕਾਲੀਆਂ ਰਾਤਾਂ
ਦਕਸ਼ਨਾਇਣ ਸੂਰਜ ਦੀਆਂ ਝਾਤਾਂ
ਯੋਗੀ ਜੇ ਤਦ ਦੇਹ ਛੱਡ ਜਾਵੇ
ਤਦ ਉਹ ਚੰਦ੍ਰ ਲੋਕ ਨੂੰ ਪਾਵੇ
ਜਿਸ ਥਾਂ ਫਲ ਕਰਮਾਂ ਦਾ ਪਾਂਦਾ
ਭੋਗ ਫਲਾਂ ਨੂੰ ਫਿਰ ਆ ਜਾਂਦਾ ।

26

ਜਿਸ ਮਾਰਗ ਵਿਚ ਗਿਆਨ ਸਮਾਵੇ
ਸੋ ਹੇ ਪਾਰਥ ਸ਼ੁਕਲ ਕਹਾਵੇ

ਜਿਸ ਵਿਚ ਫੇਰ ਅੰਧੇਰ ਹੋ ਜਾਂਦਾ
ਸੋ ਮਾਰਗ ਹੈ ਕ੍ਰਿਸ਼ਣ ਕਹਾਂਦਾ
ਜੋ ਦੋ ਮਾਰਗ ਆਖ ਸੁਣਾਏ
ਸਦਾ ਥੋਂ ਈ ਦੋਵੇਂ ਚਲੇ ਆਏ
ਸ਼ੁਕਲ ਮਾਰਗ ਜੋ ਪ੍ਰਾਣੀ ਜਾਵੇ
ਜਨਮ ਮਰਣ ਵਿਚ ਫੇਰ ਨਾ ਆਵੇ
ਕ੍ਰਿਸ਼ਣ ਮਾਰਗ ਜੋ ਪ੍ਰਾਣੀ ਜਾਂਦਾ
ਮੁੜ ਕੇ ਫੇਰ ਹੈ ਐਥੇ ਆਂਦਾ ।

*27*

ਯੋਗ ਯੁਕਤ ਹੋ ਜਾ ਤੂੰ ਅਰਜੁਨ
ਯੋਗ ਸਮਾਧੀ ਲਾ ਤੂੰ ਅਰਜੁਨ
ਯੋਗ ਮਾਰਗ ਤੇ ਭੁੱਲਦਾ ਨਾਹੀਂ
ਉਲਟੇ ਰਾਹ ਚੱਲ ਰੁਲਦਾ ਨਾਹੀਂ ।

*28*

ਯੱਗ ਰਚਾ ਕੇ ਵੇਦ ਨੂੰ ਪੜ੍ਹ ਕੇ
ਤੱਪ ਤੇ ਦਾਨ ਵਿਖੇ ਚਿਤ ਧਰਕੇ
ਐਸੇ ਕਰਮ ਕੀਤਿਆਂ ਪਾਰਥ
ਜੋ ਜੋ ਫਲ ਮਿਲਦਾ ਹੇ ਪਾਰਥ
ਯੋਗੀ ਜਦ ਬ੍ਰਹਮ ਮਾਰਗ ਜਾਂਦਾ
ਐਸੇ ਸਰਵ ਫਲਾਂ ਨੂੰ ਪਾਂਦਾ
ਜਗ ਕਾਰਣ ਜੋ ਬ੍ਰਹਮ ਸਦਾਵੇ
ਤਿਸ ਵਿਚ ਯੋਗੀ ਲੀਨ ਹੋ ਜਾਵੇ ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ*
*ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ*
*ਸਾਮਵੇਦ ਤਾਰਕ ਬ੍ਰਹਮਯੋਗ ਨਾਮਕ ਅੱਠਵਾਂ*
*ਅਧਿਆਇ ਸਮਾਪਤ ਹੋਇਆ ।*

# ਨੌਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਰਾਜਵਿਧਯ ਰਾਜਮੁਹਯ ਯੋਗ






1

*ਸ਼੍ਰੀ ਭਗਵਾਨ ਉਵਾਚ*

ਨਿੰਦਾ ਰਹਿਤ ਹੇ ਪਾਰਥ ਪਿਆਰੇ
ਦਸਨਾ ਗੂੜੇ ਭੇਤ ਮੈਂ ਸਾਰੇ
ਗਿਆਨ ਤੱਤ ਮੈਂ ਖੋਲ ਸੁਣਾਵਾਂ
ਅਨੁਭਵ ਦੀਆਂ ਬਾਤਾਂ ਸਮਝਾਵਾਂ
ਜੋ ਗੱਲ ਜਾਣ ਮੋਕਸ਼ ਨੂੰ ਪਾਵੇਂ
ਜੱਗ ਬੰਧਨ ਥੋਂ ਤੂੰ ਛੁੱਟ ਜਾਵੇਂ

2

ਇਲਮ ਗਿਆਨ ਵਿਦਿਆ ਜਗ ਮਾਹੀਂ
ਇਸ ਥੋਂ ਉੱਚਾ ਕੋਈ ਵੀ ਨਾਹੀਂ
ਇਸ ਥੋਂ ਗੂੜੀ ਰਮਜ਼ ਨਾ ਕੋਈ
ਪਰਮ ਪਵਿੱਤਰ ਉੱਤਮ ਸੋਈ
ਅਨੁਭਵ ਨਾਲ ਏਡ ਜਾਣਿਆ ਜਾਵੇ

ਸੁੱਖ ਦੇਵੇ ਤੇ ਧਰਮ ਵਧਾਵੇ
ਅਤਿ ਉੱਤਮ ਇਹ ਗਿਆਨ ਸਦਾਂਦਾ
ਹੇ ਪਾਰਥ ਇਹ ਨਾਸ਼ ਨਾ ਪਾਂਦਾ।

3

ਬ੍ਰਹਮ ਗਿਆਨ ਨੂੰ ਜੋ ਨਾ ਪਰਖਦੇ
ਧਰਮ ਵਿਖੇ ਸ਼ਰਧਾ ਨਹੀਂ ਰੱਖਦੇ
ਪਾਰਥ ਸੋ ਮੁਝ ਨੂੰ ਨਹੀਂ ਪਾਂਦੇ
ਜਗ ਬੰਧਨ ਵਿਚ ਸੋ ਫਸ ਜਾਂਦੇ।

4

ਹੇ ਅਰਜੁਨ ਸੰਸਾਰ ਇਹ ਸਾਰਾ
ਨਿਰਾਕਾਰ ਥੋਂ ਹੈ ਵਿਸਤਾਰਾ
ਸਭ ਜਗ ਪ੍ਰਿਥਵੀ ਸੂਰਜ ਤਾਰੇ
ਮੇਰੇ ਆਸਰੇ ਵਿਚਰਣ ਸਾਰੇ
ਆਪੇ ਸਥਿਤ ਦੁੱਖ ਭੰਜਨ ਮੈਂ
ਆਪੇ ਆਪ ਨਿਰੰਜਨ ਮੈਂ।

5

ਬ੍ਰਹਮ ਆਦਿਕ ਜੋ ਦੇਵਤੇ ਪ੍ਰਾਣੀ
ਮੁਝ ਵਿਚ ਸੋ ਤੂੰ ਸਥਿਤ ਸਭ ਜਾਣੀਂ
ਕੁਦਰਤ ਈਸ਼ਵਰ ਅਪਰਮ ਪਾਰਾ
ਦੇਖ ਯੋਗ ਦਾ ਤੂੰ ਵਿਸਤਾਰਾ
ਧਾਰਣ ਕੀਤਾ ਮੈਂ ਜਗ ਸਾਰਾ
ਮੈਂ ਜਗ ਰਕਸ਼ਾ ਕਰਨੇ ਹਾਰਾ
ਭੂਤਾਂ ਅੰਦਰ ਮੈਂ ਸਥਿਤ ਨਾਹੀਂ
ਫਿਰ ਵੀ ਪਾਲਾਂ ਸਭ ਜਗ ਤਾਈਂ

6

ਵਾਯੂ ਪਵਨ ਜੋ ਹਰ ਥਾਂ ਜਾਵੇ
ਫੇਰ ਵੀ ਵਿਚ ਆਕਾਸ਼ ਸਮਾਵੇ
ਤਿਵੇਂ ਪਾਰਥ ਸਭ ਭੂਤ ਪ੍ਰਾਣੀ
ਮੇਰੇ ਵਿਚ ਸਭ ਸਥਿਤ ਤੂੰ ਜਾਣੀਂ

7

ਹੇ ਪਾਰਥ ਜਦ ਪਰਲਯ ਆਵੇ

ਜਗ ਅਵਿਅਕਤ ਰੂਪ ਹੋ ਜਾਵੇ
ਪ੍ਰਕਿਰਤੀ ਅਪਰਾ ਰੂਪ ਕਹਾਂਦੀ
ਸ੍ਰਿਸ਼ਟੀ ਮੁਝ ਵਿਚ ਲੈ ਹੋ ਜਾਂਦੀ
ਕਲਪ ਨਵਾਂ ਜਦ ਫੇਰ ਹੈ ਆਂਦਾ
ਜਗ ਦਾ ਤਦ ਵਿਸਤਾਰ ਹੋ ਜਾਂਦਾ।

8

ਕੁਦਰਤ ਤੋਂ ਸਭ ਖੇਲ ਰਚਾਂਵਾਂ
ਮੁੜ ਮੁੜ ਮੈਂ ਇਹ ਜਗ ਉਪਜਾਵਾਂ
ਪਰ ਇਹ ਜਗ ਸਭ ਮਾਇਆ ਪਾਹਿਆ
ਜਗ ਵਿਚ ਹੈ ਅਗਿਆਨ ਸਮਾਇਆ।

9

ਹੇ ਪਾਰਥ ਮੈਂ ਜਗਤ ਰਚਾਵਾਂ
ਤਦ ਵੀ ਬੰਧਨ ਵਿਚ ਨਾ ਆਵਾਂ
ਕਤਰਾਪਨ ਅਭਿਮਾਨ ਨਾ ਮੈਨੂੰ
ਫਲ ਭੋਗਣ ਦਾ ਧਿਆਨ ਨਾ ਮੈਨੂੰ
ਉਦਾਸੀਨ ਮਾਨੁਸ਼ ਦੀ ਨਿਆਈਂ
ਮੈਨੂੰ ਕਰਮ ਫਸਾਵਨ ਨਾਹੀਂ।

10

ਸਤਿ ਰਜੁ ਤਮ ਗੁਣ ਰੂਪੀ ਮਾਇਆ
ਇਸ ਥੋਂ ਮੈਂ ਸਭ ਜਗਤ ਰਚਾਇਆ
ਕੁਦਰਤ ਨੂੰ ਜਦ ਮਾਇਆ ਚੁੰਮਦੀ
ਇਕ ਸੁਰ ਤੇ ਸਭ ਸ੍ਰਿਸ਼ਟੀ ਘੁੰਮਦੀ।

11

ਸਭ ਜਗ ਦਾ ਮੈਂ ਮਾਲਕ ਸਵਾਮੀ
ਪਰਮ ਮਹੇਸ਼ਵਰ ਅੰਤਰਯਾਮੀ
ਲੋਕ ਮੈਨੂੰ ਦੇਹ ਧਾਰੀ ਜਾਨਣ
ਉੱਚਿਆਂ ਭਾਵਾਂ ਨੂੰ ਨਾ ਪਛਾਨਣ
ਤਾਹੀਓਂ ਤਾਂ ਉਹ ਮੂਰਖ ਪ੍ਰਾਣੀ
ਤੁਛ ਜਾਨਣ ਮੈਨੂੰ ਅਗਿਆਨੀ।

**12**

ਮੂਰਖ ਉਲਟੀ ਮੱਤ ਚਿਤ ਵਾਲੇ
ਫੜਨ ਸਦਾ ਉਹ ਭੈੜੇ ਚਾਲੇ
ਸਭ ਆਸ਼ਾ ਤੇ ਕਰਮ ਤਿਨ੍ਹਾਂਦੇ
ਸਣੇ ਗਿਆਨ ਵਿਅਰਥ ਨੇ ਜਾਂਦੇ।

**13**

ਦੇਵਤਿਆਂ ਜਹੇ ਚਿਤ ਜਿਨ੍ਹਾਂਦੇ
ਮਹਾਂ ਪੁਰਸ਼ ਜੋ ਨੇ ਸਦਵਾਂਦੇ
ਸੋ ਮੇਰਾ ਸਤਿ ਭਾਵ ਪਛਾਨਣ
ਮੈਨੂੰ ਆਦਿ ਅਵਿਨਾਸ਼ੀ ਜਾਨਣ।

**14**

ਆਦਿ ਅਵਿਨਾਸ਼ੀ ਵਿਚ ਚਿੱਤ ਧਰਦੇ
ਇਕ ਰਸ ਹੋ ਮੇਰਾ ਭਜਨ ਨੇ ਕਰਦੇ
ਭਗਤ ਨਿਸ਼ਚੈ ਵਿਚ ਰਮ ਰਹਿੰਦੇ
ਇੰਦਰੀਆਂ ਨੂੰ ਵਸ ਕਰ ਲੈਂਦੇ
ਚਿਤ ਮੇਰੀ ਪੂਜਾ ਵਿਚ ਲਾਂਦੇ
ਨਮਸਕਾਰ ਕਰ ਮੈਨੂੰ ਧਿਆਂਦੇ।

**15**

ਕਈ ਕਈ ਗਿਆਨ ਯੱਗ ਚਿਤ ਧਰਕੇ
ਕਈ ਕਈ ਹੋਰ ਕਈ ਯੱਗ ਕਰਕੇ
ਕਈ ਤਰ੍ਹਾਂ ਮੇਰਾ ਨਾਮ ਧਿਆਂਦੇ
ਕਈ ਮੈਨੂੰ ਇਕ ਰੂਪ ਮਨਾਂਦੇ
ਕਈ ਪੂਜਨ ਮੇਰੇ ਰੂਪ ਘਨੇਰੇ
ਐਸੇ ਕਈ ਉਪਾਸਕ ਮੇਰੇ

**16**

ਸਤਿ ਮੈਂ ਯੱਗ ਮੈਂ ਅੰਨ ਮੈਂ ਪਾਰਥ
ਔਸ਼ਧ ਤੇ ਮੰਤਰ ਮੈਂ ਪਾਰਥ
ਹਵਨ ਦਾ ਸਾਮੱਗ੍ਰੀ ਘੀ ਮੈਂ
ਹਵਨ ਕਰਮੀ ਅਗਨੀ ਵੀ ਮੈਂ
ਸਥਾਵਰ ਜੰਗਮ ਭੂਤ ਵਸੇਂਦੇ

ਮੁਝ ਵਿਚ ਸਭ ਹੀ ਨਿਵਾਸ ਕਰੇਂਦੇ
ਹਿਤਕਾਰੀ ਜਗ ਆਦਿ ਹਾਂ ਮੈਂ
ਸ੍ਰਿਸ਼ਟੀ ਦੀ ਬੁਨਿਆਦ ਹਾਂ ਮੈਂ
ਪਰਲੈ ਮੈਂ ਤੇ ਉਤਪਤ ਮੈਂ
ਜਗ ਦਾ ਕੋਸ਼ ਬੀਜ ਸਤਿ ਮੈਂ।

17

ਜਗਤ ਪਿਤਾ ਜਗ ਮਾਤਾ ਮੈਂ
ਪਿਤਾ ਮਹਾਂ ਤੇ ਧਾਤਾ ਮੈਂ
ਓਮ ਪਵਿੱਤਰ ਨਾਮ ਹਾਂ ਮੈਂ
ਰਿਗ ਮੈਂ, ਯਜੂਰ, ਸਾਮ ਹਾਂ ਮੈਂ।

18

ਕਰਮ ਫਲਾਂ ਦਾ ਕਰਤਾ ਮੈਂ
ਪਾਲਨ ਹਾਰਾ ਭਰਤਾ ਮੈਂ
ਪ੍ਰਭੂ ਸੰਸਾਰ ਦਾ ਮਾਲਕ ਮੈਂ
ਕਰਮ ਸਾਝੀ ਜਗ ਪਾਲਕ ਮੈਂ।

19

ਸੂਰਜ ਬਣ ਜੱਗ ਨੂੰ ਚਮਕਾਵਾਂ
ਚਾਨਣ ਤੇ ਗਰਮੀ ਪਹੁੰਚਾਵਾਂ
ਕਿਰਨਾਂ ਥੋਂ ਵਰਸ਼ਾ ਬਰਸਾਵਾਂ
ਕਿਰਨਾਂ ਥੋਂ ਹੀ ਜਲ ਨੂੰ ਸੁਕਾਵਾਂ
ਜਲ ਰੋਕਾਂ ਅਸਮਾਨ ਚੜ੍ਹਾਵਾਂ
ਸਮੇਂ ਆਵਣ ਤੇ ਫੇਰ ਬਸਾਵਾਂ
ਅਮ੍ਰਿਤ ਤੇ ਜਿੰਦਗਾਨੀ ਮੈਂ
ਮ੍ਰਿਤਯੂਮ ਮੌਤ ਨਿਮਾਣੀ ਮੈਂ
ਸਤਿ ਰੂਪ ਜਗ ਤਾਰਨ ਮੈਂ
ਕਾਰਜ ਮੈਂ ਤੇ ਕਾਰਣ ਮੈਂ।

20

ਪੜ੍ਹ ਪੜ੍ਹ ਵੇਦ ਜੋ ਗਿਆਨੀ ਥੀਂਦੇ
ਜੋ ਨਿਸ਼ ਪਾਪ ਸੋਮ ਰਸ ਪੀਂਦੇ
ਯੱਗ ਕਰੇਂਦੇ ਭਜਨ ਕਰੇਂਦੇ
ਸਵਰਗ ਲੋਕ ਵਲ ਧਿਆਨ ਧਰੇਂਦੇ

ਆਖਰ ਸਵਰਗ ਲੋਕ ਨੂੰ ਜਾਂਦੇ
ਦੇਵਤਿਆਂ ਵਾਲੇ ਸੁਖ ਪਾਂਦੇ।

21

ਛੋੜ ਸਵਰਗ ਮ੍ਰਿਤ ਲੋਕ ਨੂੰ ਆਵਣ
ਪੁੰਨ ਧਰਮ ਜਦ ਖੇਹ ਹੋ ਜਾਵਣ
ਕੇਵਲ ਵੈਦਿਕ ਧਰਮ ਨੂੰ ਫੜ੍ਹ ਕੇ
ਕਰਮਾਂ ਦੀ ਅਭਿਲਾਸ਼ਾ ਕਰਕੇ
ਮ੍ਰਿਤੂ ਲੋਕ ਵਿਖੇ ਫਿਰ ਆਂਦੇ
ਜਨਮ ਮਰਨ ਵਿਚ ਫਿਰ ਫਸ ਜਾਂਦੇ।

22

ਜੋ ਕੇਵਲ ਮੁਝ ਵਿਚ ਚਿਤ ਧਰਦੇ
ਇਕ ਰਸ ਹੋ ਮੇਰਾ ਭਜਨ ਨੇ ਕਰਦੇ
ਸਦਾ ਮੇਰੇ ਵਿਚ ਧਿਆਨ ਲਗਾਂਦੇ
ਕਰਮ ਸਦਾ ਨਿਸ਼ਕਾਮ ਕਮਾਂਦੇ
ਯੋਗ ਖੇਮ ਭਗਤੀ ਕਰ ਡਾਰਾਂ
ਕਾਰਜ ਤਿਨ੍ਹਾਂ ਦੇ ਆਪ ਸਵਾਰਾਂ।

23

ਸ਼ਰਧਾ ਭਗਤੀ ਨਾਲ ਹੇ ਅਰਜੁਨ!
ਦੇਵਤਿਆਂ ਨੂੰ ਜੋ ਕੋਈ ਪੂਜਨ
ਸੋ ਵੀ ਜਾਣ ਤੂੰ ਮੈਨੂੰ ਧਿਆਂਦੇ
ਸਿੱਧਾ ਛੱਡ ਟੇਡੇ ਰਾਹ ਜਾਂਦੇ।

24

ਮੈਂ ਸਭ ਯੱਗਾਂ ਦਾ ਰਖਵਾਲਾ
ਮੈਂ ਯੱਗਾਂ ਦਾ ਭੋਗਣ ਵਾਲਾ
ਜੋ ਨਰ ਦੇਵਤਿਆਂ ਨੂੰ ਧਿਆਂਦੇ
ਮੇਰਾ ਸੂਕਸ਼ਮ ਤੱਤ ਨਾ ਪਾਂਦੇ
ਐਸੇ ਗਿਆਨ ਹੀਨ ਗਿਰ ਜਾਵਣ
ਯੱਗਾਂ ਦਾ ਅਸਲੀ ਫਲ ਨਾ ਪਾਵਣ।

25

ਜੋ ਨਰ ਦੇਵਤਿਆਂ ਨੂੰ ਧਿਆਂਦੇ

ਸੋ ਨਰ ਦੇਵ ਲੋਕ ਨੂੰ ਜਾਂਦੇ
ਜੋ ਪ੍ਰਾਣੀ ਪਿੱਤਰਾਂ ਨੂੰ ਧਿਆਵਣ
ਸੋ ਨਰ ਪਿੱਤਰ ਲੋਕ ਨੂੰ ਜਾਵਣ
ਭੂਤ ਪ੍ਰਾਣੀ ਜੋ ਕੋਈ ਪੂਜਣ
ਜਾਵਣ ਭੂਤ ਲੋਕ ਸੋ ਅਰਜੁਨ
ਭਗਤ ਮੇਰੇ ਮੈਨੂੰ ਜੋ ਧਿਆਂਦੇ
ਸੋ ਗਿਆਨੀ ਮੈਨੂੰ ਨੇ ਪਾਂਦੇ।

*26*

ਜੋ ਪ੍ਰਾਣੀ ਮੁਝ ਵਿਚ ਚਿਤ ਧਰਦੇ
ਪੱਤ ਫੂਲ ਫਲ ਜਲ ਅਰਪਣ ਕਰਦੇ
ਜੋ ਵੀ ਸ਼ੁੱਧ ਚਿਤ ਭਗਤ ਚੜ੍ਹਾਵੇ
ਸੋ ਵਸਤੂ ਮੈਨੂੰ ਮਿਲ ਜਾਵੇ।

*27*

ਜੋ ਕੁਝ ਕਰੇਂ ਤੇ ਜੋ ਕੁਝ ਖਾਂਵੇਂ
ਹਵਨ ਯੱਗ ਤਪ ਦਾਨ ਕਮਾਂਵੇਂ
ਹੇ ਅਰਜੁਨ! ਹੇ ਕੁਨਤੀ ਨੰਦਨ
ਉਹ ਸਭ ਕਰਦੇ ਮੇਰੇ ਅਰਪਨ।

*28*

ਕਰਮ ਅਰਪਨ ਕਰ ਦੇਵੇਂ ਮੈਨੂੰ
ਨਾ ਫਿਰ ਕਰਮ ਫਸਾਵਣ ਤੈਨੂੰ
ਚੰਗੇ ਮੰਦੇ ਫਲ ਨਾ ਪਾਵੇਂ
ਕਰਮ ਬੰਧਨਾਂ ਥੋਂ ਛੁੱਟ ਜਾਵੇਂ
ਯੋਗ ਯੁਤਕ ਸੰਨਿਆਸੀ ਥੀਵੇਂ
ਜੀਵੰਦੇ ਜੋ ਮੁਕਤ ਰਸ ਪੀਵੇਂ।

*29*

ਦੇਹ ਤਿਆਗੇਂ ਤਾਂ ਮੁਝ ਨੂੰ ਪਾਵੇਂ
ਮੁਝ ਵਿਚ ਜੋਤੀ ਜੋਤ ਸਮਾਵੇਂ
ਜਗ ਦੇ ਜੀਵ ਹੇ ਪਾਰਥ ਪਿਆਰੇ
ਮੇਰੇ ਤਾਂਈ ਇੱਕ ਸਮ ਸਾਰੇ
ਨਾ ਕੋਈ ਜਗ ਵਿਚ ਦੁਸ਼ਮਣ ਮੇਰਾ
ਨਾਂ ਹੀ ਹੈ ਕੋਈ ਸੱਜਣ ਮੇਰਾ

ਅਗਨੀ ਜਿਵੇਂ ਸਭ ਜਗਤ ਤਪਾਵੇ
ਨੇੜੇ ਆਇਆਂ ਸੇਕ ਪਹੁੰਚਾਵੇ
ਤਿਵੇਂ ਭਗਤ ਜੋ ਮੁਝ ਵਲ ਆਵਣ
ਮੇਰੇ ਸਤਿ ਸਰੂਪ ਨੂੰ ਪਾਵਣ
ਪ੍ਰੇਮ ਨਾਲ ਜੋ ਮੁਝ ਤਾਂਈ ਆਂਦੇ
ਮੇਰੇ ਵਿਚ ਸੋ ਸਥਿਤ ਹੋ ਜਾਂਦੇ।

30

ਜੋ ਨਰ ਹੋਵੇ ਅਤਿ ਬੁਰਿਆਰਾ
ਹੱਦੋਂ ਵੱਧ ਕੇ ਔਗੁਣ ਹਾਰਾ
ਉਹ ਵੀ ਜੇ ਮੇਰੇ ਵੱਲ ਆਵੇ
ਪ੍ਰੇਮ ਪੂਰਵਕ ਮੈਨੂੰ ਧਿਆਵੇ।

31

ਕੇਵਲ ਮੇਰਾ ਨਾਮ ਧਿਆਂਦਾ
ਮੇਰਾ ਪ੍ਰੇਮੀ ਭਗਤ ਸਦਾਂਦਾ
ਉਸ ਨੂੰ ਵੀ ਤੂੰ ਸਾਧੂ ਜਾਣੀ
ਉੱਤਮ ਨਿਸ਼ਚੇ ਵਾਲਾ ਪ੍ਰਾਣੀ।

32

ਨਿਸ਼ਚੇ ਜਾਣ ਹੇ ਅਰਜੁਨ ਪਿਆਰੇ
ਨਾਸ਼ ਨਾ ਪਾਵਣ ਭਗਤ ਹਮਾਰੇ
ਸ਼ਤ੍ਰੀ ਵੈਸ਼ ਸ਼ੂਦਰ ਹੇ ਅਰਜੁਨ।
ਪਾਪੀ ਤੀਕ ਜੋ ਮੈਨੂੰ ਧਿਆਵਨ
ਜੋ ਕੋਈ ਸ਼ਰਣ ਮੇਰੀ ਵਿਚ ਆਵੇ
ਨਿਸ਼ਚੇ ਪਰਮ ਗਤੀ ਨੂੰ ਪਾਵੇ।

33

ਪੁੰਨ ਸ਼ੀਲ ਬ੍ਰਾਹਮਣ ਹੇ ਪਾਰਥ
ਰਾਜ ਰਿਸ਼ੀ ਜੋ ਭਗਤ ਯਥਾਰਥ
ਭਗਤੀ ਨਾਲ ਜੋ ਮੈਨੂੰ ਧਿਆਂਵਣ
ਸਹਜ ਹੀ ਪਰਮ ਗਤੀ ਸੋ ਪਾਵਣ
ਇਸ ਗੱਲ ਦਾ ਅਰਜੁਨ ਕੀ ਕਹਿਣਾ
ਪਰ ਇਹ ਚੋਲਾ ਸਦਾ ਨਾ ਰਹਿਣਾ



ਛਿਨ ਭੰਗਰ ਮਾਨੁਸ਼ ਦੇਹ ਤੇਰੀ
ਪਾਰਥ ਇਹ ਦੇਹ ਦੁੱਖਾਂ ਘੇਰੀ
ਤਦ ਭੀ ਦੁਰਲੱਭ ਦੇਹ ਨੂੰ ਪਾਕੇ
ਮੈਨੂੰ ਭਜ ਤੂੰ ਵਿਰਤੀ ਲਾਕੇ।

**34**

ਮੇਰੇ ਵਿਚ ਮਨ ਆਪਣਾ ਲਾ ਤੂੰ
ਮੇਰਾ ਪਰਮ ਭਗਤ ਬਣ ਜਾ ਤੂੰ
ਪਾਰਥ ਮੇਰਾ ਪੂਜਨ ਕਰ ਤੂੰ
ਮੇਰੇ ਚਰਣਾਂ ਵਿਚ ਸਿਰ ਧਰ ਤੂੰ
ਜਦ ਤੂੰ ਸ਼ਰਣ ਮੇਰੀ ਵਿਚ ਆਂਵੇਂ
ਮੇਰੇ ਸਤਿ ਸਵਰੂਪ ਨੂੰ ਪਾਂਵੇਂ
ਜੋ ਨਰ ਮੇਰੇ ਆਸਰੇ ਆਂਦੇ
ਸੋ ਮੁਝ ਪਰਮੇਸ਼ਵਰ ਨੂੰ ਪਾਂਦੇ

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਰਾਜਵਿਧਯ ਰਾਜਮੂਹਯ ਯੋਗ ਨਾਮਕ ਨੌਵਾਂ ਅਧਿਆਇ ਸਮਾਪਤ ਹੋਇਆ ।*

# ਦਸਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਵਿਭੂਤੀ ਯੋਗ

**1**

*ਸ਼੍ਰੀ ਭਗਵਾਨ ਉਵਾਚ!*

ਜਿਸ ਥੋਂ ਤ੍ਰਿਪਤ ਹੋਵੇ ਚਿਤ ਤੇਰਾ
ਫਿਰ ਸੁਣ ਪਰਮ ਵਚਨ ਇਕ ਮੇਰਾ
ਤੇਰੇ ਹਿੱਤ ਖਾਤਰ ਹੁਣ ਅਰਜੁਨ
ਪਰਮ ਬਚਨ ਆਖਾਂ ਸੁਣ ਅਰਜੁਨ ।

**2**

ਦੇਵਤੇ ਮਹਾ ਰਿਸ਼ੀ ਜੱਗ ਮਾਹੀਂ
ਮੇਰੇ ਆਦਿ ਨੂੰ ਜਾਨਣ ਨਾਹੀਂ
ਰਿਸ਼ੀ ਮਹਾ ਰਿਸ਼ੀ ਦੇਵਤਿਆਂ ਦਾ
ਆਦਿ ਮੂਲ ਹਾਂ ਮੈਂ, ਸਦਵਾਂਦਾ
ਨਿੱਤ ਅਜਨਮਾ ਜਨਮ ਨ ਪਾਵਾਂ
ਸਰਵ ਅਨਾਦੀ ਈਸ਼ ਸਦਾਵਾਂ ।

**3**

ਸਭ ਲੋਕਾਂ ਦਾ ਪਾਲਕ ਮੈਂ
ਪਰਮ ਮਹੇਸ਼ਵਰ ਮਾਲਕ ਮੈਂ
ਜੋ ਕੋਈ ਮੈਨੂੰ ਐਸਾ ਧਿਆਵੇ
ਤਿਸ ਦੇ ਸ਼ੋਕ ਨਿਕਟ ਨਹੀਂ ਆਵੇ
ਜਗ ਝੰਝਟ ਵਿਚ ਸੋ ਨਹੀਂ ਫਸਦਾ
ਮੇਰੇ ਪਰਮ ਰੂਪ ਵਿਚ ਵਸਦਾ ।

**4-5**

ਬੁੱਧੀ ਅਤੇ ਗਿਆਨ ਹੇ ਪਾਰਥ
ਬਿਨ ਮੋਹ ਥੋਂ ਜੋ ਗਿਆਨ ਯਥਾਰਥ
ਸ਼ਮਾ ਸਤਿ ਇੰਦਰੀ ਵੱਸ ਕਰਨਾ
ਸ਼ਾਂਤੀ ਸੁਖ ਦੁਖ ਜੰਮਣਾ ਮਰਨਾ
ਭੈਅ ਅਭੈਅ ਡਰਨਾ ਨਾ ਡਰਨਾ
ਜੀਵਾਂ ਦੀ ਹਿੰਸਾ ਨਾ ਕਰਨਾ

ਸਮਤਾ ਦੇ ਸਤਿ ਭਾਵ ਨੂੰ ਪਾਣਾ
ਰਾਜ ਦਵੇਸ਼ ਥੋਂ ਰਹਿਤ ਹੋ ਜਾਣਾ
ਤਪਿ ਸੰਤੋਸ਼ ਗਿਆਨ ਹੇ ਅਰਜੁਨ
ਯਸ਼ ਅਪਯਸ਼ ਅਪਮਾਨ ਹੇ ਅਰਜੁਨ
ਅੱਡੋ ਅੱਡਰੇ ਭਾਵ ਨਿਆਰੇ
ਮੈਥੋਂ ਭਾਵ ਇਹ ਉਪਜਣ ਸਾਰੇ ।

6

ਅਰਜੁਨ ਸਪਤ ਰਿਸ਼ੀ ਮਨੂੰ ਚਾਰੇ
ਮੇਰੇ ਵਿਚ ਵਿਚਰਨ ਇਹ ਸਾਰੇ
ਮੁਝ ਥੋਂ ਉਤਪਤਿ ਹੋਈ ਇਨ੍ਹਾਂ ਦੀ
ਸਭ ਮਾਨੁਸ਼ ਸੰਤਾਨ ਤਿਨ੍ਹਾਂ ਦੀ।

7-8

ਯੋਗ ਵਿਭੂਤੀ ਨੂੰ ਜੋ ਪਹਿਚਾਣੇ
ਕੁਦਰਤ ਦੇ ਸਮਰੱਥ ਨੂੰ ਜਾਣੇ
ਮੇਰੇ ਪੂਰਣ ਤੱਤ ਨੂੰ ਪਾਵੇ
ਨਿਸ਼ਚੇ ਯੋਗ ਯੁਕਤ ਹੋ ਜਾਵੇ
ਭਗਤੀ ਨਿਸ਼ਚੇ ਵੱਲ ਚਿਤ ਲਾਵੇ
ਸੋ ਨਰ ਪਰਮ ਭਗਤ ਬਣ ਜਾਵੇ
ਮੈਂ ਸਭ ਜੱਗ ਦਾ ਪ੍ਰਭੂ ਕਹਾਵਾਂ
ਹੇ ਅਰਜੁਨ ਸ੍ਰਿਸ਼ਟ ਉਪਜਾਵਾਂ
ਘਟ ਘਟ ਵਿਚ ਸਭ ਨੂਰ ਹੈ ਮੇਰਾ
ਇਹ ਸਭ ਭਗਤ ਜ਼ਹੂਰ ਹੈ ਮੇਰਾ
ਪੂਰਣ ਪ੍ਰੇਮੀ ਭਗਤ ਪਿਆਰੇ
ਤੱਤ ਜਾਣ ਮੈਨੂੰ ਭੱਜਦੇ ਸਾਰੇ

9

ਮੇਰੇ ਤਾਈਂ ਸਮ ਚਿਤ ਕਰਕੇ
ਪ੍ਰਾਣ ਅਪਨੇ ਮੇਰੇ ਹਿੱਤ ਕਰਕੇ
ਜੋ ਕੋਈ ਮੇਰੇ ਤੱਤ ਨੂੰ ਜਾਨਣ
ਪਾਰ ਬ੍ਰਹਮ ਦਾ ਰੂਪ ਪਛਾਨਣ
ਸਤਿ ਸਮਝ ਜੋ ਮੈਨੂੰ ਧਿਆਂਦੇ

ਸਦਾ ਹੀ ਤ੍ਰਿਪਤ ਆਨੰਦ ਪਾਂਦੇ।

10

ਮੇਰੇ ਨਾਲ ਜੋ ਨਰ ਜੁੜ ਜਾਵਣ
ਸ਼ਰਧਾ ਪ੍ਰੀਤ ਨਾਲ ਜੋ ਧਿਆਵਣ
ਸੋ ਨਰ ਬੁੱਧੀ ਯੋਗ ਨੂੰ ਪਾਂਦੇ
ਸੋ ਨਰ ਮੈਨੂੰ ਪ੍ਰਾਪਤ ਹੋ ਜਾਂਦੇ।

11

ਅਰਜੁਨ ਭਗਤਾਂ ਦਾ ਹਿਤ ਚਾਹਵਾਂ
ਯੋਗੀਆਂ ਦੇ ਚਿਤ ਵਿਚ ਰਸ ਜਾਵਾਂ
ਯੋਗੀ ਗਿਆਨ ਤੱਤ ਨੂੰ ਪਾਵੇ
ਗਿਆਨ ਰੂਪ ਦੀਪਕ ਬਲ ਜਾਵੇ
ਅੰਧਕਾਰ ਅਗਿਆਨ ਥੋਂ ਆਂਦਾ
ਗਿਆਨ ਦੀਪ ਸਭ ਤਿਮਰ ਮਿਟਾਂਦਾ।

12

ਅਰਜੁਨ ਉਵਾਚ

ਪ੍ਰਾਰ ਬ੍ਰਹਮ ਪ੍ਰਭੁ ਪਰਮ ਧਾਮ ਹੈਂ
ਨਿੱਤ ਅਜਨਮਾ ਈਸ਼ ਸ਼ਾਮ ਹੈਂ
ਦਿਵਯ ਪੁਰਸ਼ ਵਿਸ਼ਣੂ ਨੂੰ ਜੋ ਧਿਆਵਣ
ਆਦਿ ਅਜਨਮਾ ਦੇ ਗੁਣ ਗਾਵਣ।

13

ਨਾਰਦ-ਦੇਵਲ-ਅਸਿਤ-ਵਿਆਸਾ
ਦੇਵ ਰਿਸ਼ੀ ਤੋਹੇ ਕਰੇਂ ਅਰਦਾਸਾ
ਤੂੰ ਵੀ ਤਾਂ ਹੇ ਕੇਸ਼ਵ ਪਿਆਰੇ
ਇਹ ਗੁਣ ਅਪਣੇ ਵਰਨੇ ਸਾਰੇ।

14

ਆਪ ਨੇ ਜੋ ਜੋ ਗੱਲ ਫਰਮਾਈ
ਸਤਿ ਜਾਣ ਮੈਂ ਹਿਰਦੇ ਲਾਈ
ਦਾਨਵ ਦੇਵ ਸਾਰ ਨਾ ਜਾਨਣ
ਰੂਪ ਤੇਰੇ ਦਾ ਪਾਰ ਨਾ ਜਾਨਣ।

15

ਤੂੰ ਸੰਸਾਰ ਰਚਾਵਨ ਹਾਰਾ

ਪੰਚ ਭੂਤ ਦਾ ਮਾਲਕ ਪਿਆਰਾ
ਮਹਾਂ ਦੇਵ ਪੁਰਸ਼ੋਤਮ ਸਵਾਮੀ
ਜਗਤ ਪਤੀ ਪ੍ਰਭੂ ਅੰਤਰਯਾਮੀ
ਕੌਣ ਭਲਾ ਤੇਰਾ ਰੂਪ ਬਿਖਾਨੇ
ਤੇਰੀ ਮਹਿਮਾ ਤੂੰ ਹੀ ਜਾਣੇ।

**16**

ਤੇਰੀਆਂ ਸ਼ਕਤੀਆਂ ਤੇ ਗੁਣ ਸਾਰੇ
ਤੁਝ ਬਿਨ ਕੌਣ ਕਹੇ ਪ੍ਰਭੂ ਪਿਆਰੇ
ਕੌਣ ਭਲਾ ਗੁਣ ਗਾਵੇ ਤੇਰੇ
ਪੂਰਣ ਰੂਪ ਨਾਲ ਪ੍ਰਭੂ ਮੇਰੇ
ਅਚਰਜ ਸ਼ਕਤੀ ਰੂਪ ਤੂੰ ਜਾਪੇ
ਧਾਰ ਜਗਤ ਨੂੰ ਘਟ ਘਟ ਵਿਆਪੇ।

**17**

ਤੂੰ ਪ੍ਰਭੂ ਪੂਰਣ ਯੋਗੀ ਮੇਰਾ
ਸਦਾ ਕਰਾਂ ਚਿੰਤਨ ਮੈਂ ਤੇਰਾ
ਦਸ ਮੈਂ ਕਿਵੇਂ ਪਹਿਚਾਣਾ ਤੈਨੂੰ
ਕਿਨ ਭਾਵਾਂ ਥੋਂ ਜਾਣਾਂ ਤੈਨੂੰ।

**18**

ਯੋਗ ਵਿਭੂਤੀ ਫਿਰ ਫਰਮਾਓ
ਮਹਿਮਾ ਦਾ ਵਿਸਤਾਰ ਸੁਣਾਓ
ਅਮ੍ਰਿਤ ਸਮ ਗਲ਼ ਸੁਣ ਪ੍ਰਭੂ ਤੇਰੀ
ਤ੍ਰਿਪਤੀ ਨਾ ਹੋਵੇ ਪ੍ਰਭੂ ਮੇਰੀ।

**19**

*ਸ਼੍ਰੀ ਭਗਵਾਨ ਉਵਾਚ*

ਵਰਨਣ ਕਰਨ ਲੱਗਾਂ ਹੁਣ ਅਰਜੁਨ
ਦਿਵਯ ਵਿਭੂਤੀਆਂ ਤੂੰ ਸੁਣ ਅਰਜੁਨ
ਮੁੱਖ ਵਿਭੂਤੀਆਂ ਆਖ ਸੁਣਾਵਾਂ
ਵਿਸਤਾਰਾਂ ਵਿਚ ਮੈਂ ਨਾ ਜਾਵਾਂ।

**20**

ਸਭ ਦੇ ਹਿਰਦਿਆਂ ਦੇ ਵਿਚ ਆਪੇ

ਇਸ਼ਵਰ ਆਤਮਾ ਰੂਪ ਵਿਆਪੇ
ਜਗ ਦਾ ਆਦਿ ਮੱਧ ਤੇ ਅੰਤ
ਮੈਂ ਹਾਂ ਸੋ ਪੂਰਣ ਭਗਵੰਤ।

21

ਅਰਜੁਨ ਆਦੀਤਿਯਾਂ ਵਿਚ ਸਾਰੇ
ਮੈਂ ਹਾਂ ਵਿਸ਼ਣੂ ਪਾਰਥ ਪਿਆਰੇ
ਜੋ ਜੋ ਜੋਤੀਵਾਨ ਪਦਾਰਥ
ਮੈਨੂੰ ਸੂਰਜ ਜਾਣ ਤੂੰ ਪਾਰਥ
ਮਰੀਚੀ ਹਾਂ ਮੁਰੂਤਾ ਵਿਚ ਮੈਂ
ਚੰਨ ਸਭ ਨਕਸ਼ਤ੍ਰਾਂ ਵਿਚ ਮੈਂ।

22

ਸਾਮ ਵੇਦ ਵੇਦਾਂ ਵਿਚ ਮੈਂ
ਇੰਦਰ ਹਾਂ ਦੇਵਤਿਆਂ ਵਿਚ ਮੈਂ
ਸਭ ਇੰਦਰੀਆਂ ਵਿਚ ਮਨ ਮੈਂ
ਪ੍ਰਾਣੀਆਂ ਦੇ ਵਿਚ ਚੇਤਨ ਮੈਂ।

23

ਸ਼ਿਵ ਸੰਕਰ ਰੁਦਰਾਂ ਵਿਚ ਮੈਂ
ਹਾਂ ਕੁਵੇਰ ਯਸ਼ਾਂ ਵਿਚ ਮੈਂ
ਅਗਨੀ ਵਸਵਾਂ ਵਿਚ ਮੈਂ ਅਰਜੁਨ
ਮੇਰੂ ਪਰਵਤਾਂ ਵਿਚ ਮੈਂ ਅਰਜੁਨ।

24

ਸਰਵ ਪ੍ਰੋਹਤਾਂ ਵਿਚ ਹੇ ਪਾਰਥ
ਮੈਨੂੰ ਜਾਣ ਬ੍ਰਹਸਪਤੀ ਪਾਰਥ
ਸਕੰਧ ਸੇਨਾਪਤੀਆਂ ਵਿਚ ਮੈਂ
ਸਾਗਰ ਜਾਨ ਸਰਾਂ ਵਿਚ ਮੈਂ।

25

ਭ੍ਰਗੂ ਰਿਸ਼ੀ ਰਿਸ਼ੀਆਂ ਵਿਚ ਮੈਂ
ਓਂ ਅਕਸ਼ਰ ਸ਼ਬਦਾਂ ਵਿਚ ਮੈਂ
ਜਪ ਹਾਂ ਮੈਂ ਸਭ ਯੱਗਾਂ ਤਾਈਂ
ਹਿਮ ਪਰਬਤ ਸਭ ਸਥਾਵਰਾਂ ਮਾਹੀਂ।

26

ਪਿੱਪਲ ਹਾਂ ਵ੍ਰਿਕਸ਼ਾਂ ਵਿਚ ਮੈਂ
ਕਪਿਲ ਮੁਨੀ ਸਿੱਧਾਂ ਵਿਚ ਮੈਂ
ਨਾਰਦ ਦੇਵ ਰਿਸ਼ੀਆਂ ਵਿਚ ਮੈਂ
ਚਤਰਥ ਗੰਧਰਵਾਂ ਵਿਚ ਮੈਂ।

27

ਅਮ੍ਰਿਤ ਥੋਂ ਜੋ ਉਪਜਿਆ ਪਾਰਥ
ਮੈਂ ਸੋ ਉੱਚ ਸ਼੍ਰਵਾਂ ਹਾਂ ਪਾਰਥ
ਇਰਾਵਤ ਹਾਂ ਗਜ ਇੰਦਰਾਂ ਮਾਹੀਂ
ਰਾਜਾ ਹਾਂ ਸਭ ਪੁਰਸ਼ਾਂ ਤਾਈਂ।

28

ਬਜ੍ਰਵਾਨ ਸ਼ਾਸਤ੍ਰਾਂ ਵਿਚ ਮੈਂ
ਕਾਮਧੇਨ ਗੌਵਾਂ ਵਿਚ ਮੈਂ
ਜਗ ਉਤਪਤਿ ਦਾ ਮੂਲ ਜੋ ਅਰਜੁਨ
ਮੈਂ ਹਾਂ ਕਾਮਦੇਵ ਸੋ ਅਰਜੁਨ
ਪਾਰਥ ਮੇਰਾ ਤੱਤ ਪਛਾਣੀ
ਸਰਪਾਂ ਵਿਚ ਮੈਨੂੰ ਬਾਸੁਕਿ ਜਾਣੀ।

29

ਨਾਗਾਂ ਵਿਚ ਮੈਂ ਸ਼ੇਸ਼ ਕਹਾਵਾਂ
ਜਲਚਰਾਂ ਵਿਖੇ ਵਰਣ ਬਣ ਜਾਵਾਂ
ਆਰਿਆ ਮਾਨ ਪਿੱਤਰਾਂ ਵਿਚ ਮੈਂ
ਯਮ ਹਾਂ ਸਭ ਸ਼ਾਸਕਾਂ ਵਿਚ ਮੈਂ।

30

ਦੇਵੋਂ ਵਿਚ ਪ੍ਰਹਲਾਦ ਹਾਂ ਪਾਰਥ
ਗਣਤ ਕਾਲ ਵਿਚ ਕਾਲ ਹਾਂ ਪਾਰਥ
ਪਸ਼ੂਆਂ ਵਿਚ ਮੈਂ ਸਿੰਘ ਕਹਾਵਾਂ
ਪਕਸ਼ੀਆਂ ਵਿਖੇ ਗਰੁੜ ਬਣ ਜਾਵਾਂ।

31

ਜੋ ਸਭ ਜਗ ਪਵਿੱਤਰ ਕਰ ਡਾਰੇ
ਮੈਂ ਸੋ ਪਵਨ ਹਾਂ ਪਾਰਥ ਪਿਆਰੇ

ਰਾਮ ਹਾਂ ਸ਼ਸਤਰ ਧਾਰੀਆਂ ਤਾਈਂ
ਮਗਰ ਹਾਂ ਮੈਂ ਸਭ ਜਲ ਚਰਾ ਮਾਹੀਂ
ਸਾਰੀ ਨਦੀਆਂ ਵਿਚ ਹੇ ਪਾਰਥ
ਗੰਗਾ ਜਾਣ ਤੂੰ ਮੈਨੂੰ ਪਾਰਥ।

32

ਸ੍ਰਿਸ਼ਟ ਦਾ ਭਗਵੰਤ ਹਾਂ ਮੈਂ
ਆਦਿ ਮੱਧ ਤੇ ਅੰਤ ਹਾਂ ਮੈਂ
ਵਿਧਿਆ ਤੇ ਇਲਮਾਂ ਵਿਚ ਸਾਰੇ
ਮੈਂ ਅਧਿਆਤਮ ਵਿਧਿਆ ਪਿਆਰੇ
ਝਗੜੇ ਵਿਚ ਵੀ ਵਸਨਾ ਮੈਂ
ਬੋਲੀ ਵਾਦ ਤੇ ਰਸਨਾ ਮੈਂ।

33

ਅੱਖਰਾਂ ਵਿਚ ਆਕਾਰ ਹਾਂ ਮੈਂ
ਸਭ ਜਗ ਵੇਖਣ ਹਾਰ ਹਾਂ ਮੈਂ
ਮੈਨੂੰ ਦਵੰਦ ਸਮਾਸ ਪਹਿਚਾਣੀ
ਨਾਸ਼ੋਂ ਰਹਿਤ ਕਾਲ ਤੂੰ ਜਾਣੀ।

34

ਅਰਜੁਨ ਜੋ ਸਭ ਜਗ ਨੂੰ ਮਾਰੇ
ਮੈਂ ਸੋ ਮੌਤ ਹਾਂ ਪਾਰਥ ਪਿਆਰੇ
ਅਗੋਂ ਜਿਸ ਸ੍ਰਿਸ਼ਟ ਗਤਿ ਛੋਹਣੀ
ਹੇ ਅਰਜੁਨ ਮੈਂ ਹਾਂ ਸੋ ਹੋਣੀ
ਕੀਰਤੀ ਸ਼੍ਰੀ ਬਾਣੀ ਸ਼ੁਰਤੀ ਮੈਂ
ਬੁੱਧੀ ਸ਼ਮਾਂ ਅਤੇ ਧ੍ਰਤੀ ਮੈਂ।

35

ਸ਼ਾਮ ਬ੍ਰਹਤ ਭਜਨਾਂ ਵਿਚ ਮੈਂ
ਗਾਯਤ੍ਰੀ ਛੰਦਾਂ ਵਿਚ ਮੈਂ
ਮਾਘ ਮਾਸ ਮਾਸਾਂ ਵਿਚ ਮੈਂ
ਰੁੱਤ ਬਸੰਤ ਰਿਤੂਆਂ ਵਿਚ ਮੈਂ।

36

ਛਲਿਏ ਵਿਚ ਫਰੇਜ ਹਾਂ ਮੈਂ

ਤੇਜਸਵੀ ਵਿਚ ਤੇਜ ਹਾਂ ਮੈਂ
ਜੈ ਮੇਂ ਨਿਸਚੈ ਦਾ ਤੱਤ ਮੈਂ
ਸੱਤ ਵਾਦੀਆਂ ਦਾ ਸਤਿ ਮੈਂ।

37

ਯਾਦੂ ਵੰਸ਼ਿਆਂ ਵਿਚ ਹੈ ਪਾਰਥ
ਵਾਸੂਦੇਵ ਮੈਂ ਹਾਂ ਸੁਣ ਪਾਰਥ
ਮੇਰਾ ਤੱਤ ਸਵਰੂਪ ਪਛਾਣੀ
ਪਾਂਡਵਾਂ ਵਿਚ ਮੈਨੂੰ ਅਰਜੁਨ ਜਾਣੀ
ਵਿਆਸ ਮੁਨੀ ਮੁਨੀਆਂ ਵਿਚ ਮੈਂ
ਸ਼ੁਕਰ ਕਵੀ ਕਵੀਆਂ ਵਿਚ ਮੈਂ।

38

ਹਾਕਮ ਦਾ ਮੈਂ ਦੰਡ ਕਹਾਵਾਂ
ਵਿਜਯੀ ਦੀ ਨੀਤੀ ਬਣ ਜਾਵਾਂ
ਗਹਿਰ ਗੰਭੀਰਾਂ ਵਿਚ ਚੁਪ ਪਾਰਥ
ਗਿਆਨੀ ਵਿਚ ਮੈਂ ਗਿਆਨ ਹਾਂ ਪਾਰਥ।

39

ਜੋ ਵੀ ਜਗ ਵਿਚ ਚੀਜ਼ ਹੇ ਅਰਜੁਨ
ਸਭ ਦਾ ਹਾਂ ਮੈਂ ਬੀਜ ਹੇ ਅਰਜੁਨ
ਸਥਾਵਰ ਜੰਗਮ ਜੀਵ ਕਹਾਵਣ
ਮੁਝ ਬਿਨ ਕਿਸੇ ਕਾਰ ਨਾ ਆਵਣ।

40

ਮੈਂ ਸਭ ਤੋਂ ਉੱਚਾ ਭਗਵੰਤ
ਦਿਵਯ ਵਿਭੂਤੀਆਂ ਦਾ ਨਹੀਂ ਅੰਤ
ਇਹ ਜੋ ਮੈਂ ਵਿਸਤਾਰ ਸੁਣਾਇਆ
ਬਰਾਤੀ ਮਾਤਰ ਹੈ ਦਰਸ਼ਾਇਆ।

41

ਤੇਜ ਸੁੰਦਰਤਾ ਬਲ ਵਡਿਆਈ
ਜਿਸ ਥਾਂ ਵੀ ਵੇਖੇਂ ਚੰਗਿਆਈ
ਉਸ ਵਿਚ ਮੇਰਾ ਤੱਤ ਪਛਾਣੀਂ

ਰੂਪ ਮੇਰੇ ਦੀ ਕਣੀ ਤੂੰ ਜਾਣੀਂ।

42

ਪਰ ਕੀ ਕਰਨੇ ਪਾਰਥ ਪਿਆਰੇ
ਤੂੰ ਸੁਣ ਕੇ ਵਿਸਤਾਰ ਨਿਆਰੇ
ਥੋੜ੍ਹੇ ਵਿਚ ਮੈਂ ਗਲ਼ ਮੁਕਾਵਾਂ
ਬੀਜ ਰੂਪ ਜਗ ਮਾਹੀਂ ਸਮਾਵਾਂ
ਤੱਤ ਸਤਿ ਓਮ ਅੰਸ਼ ਫੜ ਲੀਲਾ
ਉਸ ਥੋਂ ਸਭ ਜਗ ਧਾਰਨ ਕੀਤਾ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਵਿਭੂਤੀ ਯੋਗ ਨਾਮਕ ਦਸਵਾਂ ਅਧਿਆਇ ਸਮਾਪਤ ਹੋਇਆ*



# ਗਿਆਰਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸ਼੍ਰੀ ਵਿਸ਼ਵਵਿਰਾਟ ਰੂਪ ਦਰਸ਼ਨ

1

ਅਰਜੁਨ ਉਵਾਚ

ਮੇਰੇ ਹਿਤ ਹੇ ਕੇਸ਼ਵ ਪਿਆਰੇ
ਤੂੰ ਜੋ ਮੁਖ ਤੋਂ ਵਚਨ ਉਚਾਰੇ
ਪਰਮ ਗੂੜ੍ਹ ਵਿਸਤਾਰ ਸੁਣਾਇਆ
ਆਤਮ ਗਿਆਨ ਦਾ ਤੱਤ ਸਮਝਾਇਆ
ਵਿੰਸ਼ਿਆ ਮੋਹ ਵਚਨ ਸੁਣ ਤੇਰੇ
ਸੰਸੇ ਦੂਰ ਹੋਏ ਸਭ ਮੇਰੇ।

2

ਇਹ ਜਗ ਜਿਵੇਂ ਉਤਪਤਿ ਹੋ ਜਾਵੇ
ਫੇਰ ਜਿਵੇਂ ਇਹ ਨਾਸ਼ ਨੂੰ ਪਾਵੇ
ਇਹ ਬਾਤਾਂ ਮੈਂ ਸਭ ਸੁਣ ਰੱਖੀਆਂ
ਕੰਵਲ ਪਾਲ ਸਮ ਤੇਰੀਆਂ ਅੱਖੀਆਂ
ਕੰਵਲ ਨੈਨ ਤੂੰ ਹੈ ਪ੍ਰਭੂ ਮੇਰੋ
ਸੁਣਿਆ ਰੂਪ ਅਵਿਨਾਸ਼ੀ ਤੇਰੋ

3

ਜੋ ਤੂੰ ਰੂਪ ਦਾ ਵਰਨਣ ਕੀਤਾ
ਸੋ ਸਭ ਸਤਿ ਅਸਾਂ ਮੰਨ ਲੀਤਾ
ਸੋ ਸਭ ਗੁਣ ਪ੍ਰਭੂ ਅੰਦਰ ਤੇਰੇ
ਤਦ ਵੀ ਹੇ ਪਰਸ਼ੋਤਮ ਮੇਰੇ
ਗਿਆਨ ਸ਼ਕਤੀ ਬਲ ਤੇਜ ਘਨੇਰਾ
ਐਸਾ ਰੂਪ ਵਿਰਾਟ ਜੋ ਤੇਰਾ
ਐਸਾ ਰੂਪ ਅਨੂਪ ਦਿਖਾ ਦੇ
ਵਿਸ਼ਵ ਰੂਪ ਆਪਣਾ ਦਰਸ਼ਾ ਦੇ।

4

ਜੇਕਰ ਜਾਣੋ ਕ੍ਰਿਸ਼ਣ ਮੁਰਾਰੇ

ਮੈਂ ਕਰ ਸਕ ਸਾਂ ਦਰਸ਼ ਤਿਹਾਰੇ
ਹੇ ਯੋਗੇਸ਼ਵਰ ਅੰਤਰਯਾਮੀ
ਚਰਣਾਂ ਵਿਚ ਬਿਨਤੀ ਹੈ ਸਵਾਮੀ
ਤਦ ਫਿਰ ਹੇ ਪ੍ਰਭੂ ਘਟ ਘਟ ਵਾਸੀ
ਦਸ ਦਿਓ ਅਪਨਾ ਰੂਪ ਅਵਿਨਾਸ਼ੀ।

5

ਸ੍ਰੀ ਭਗਵਾਨ ਉਵਾਚ

ਦੇਖ ਮੇਰੇ ਤੂੰ ਰੂਪ ਹਜ਼ਾਰਾਂ
ਲਖ ਕਰੋੜਾਂ ਬਾਝ ਸ਼ੁਮਾਰਾਂ
ਭਾਂਤ ਭਾਂਤ ਦੇ ਰੂਪ ਨਿਰਾਲੇ
ਲੱਖਾਂ ਰੰਗਾਂ ਸ਼ਕਲਾਂ ਵਾਲੇ।

6

ਦੇਖ ਤੂੰ ਆਦੀਤਿਯਾਂ ਬਲ ਪਾਰਥ
ਵਸੂਆਂ ਤੇ ਰੁਦਰਾਂ ਵੱਲ ਪਾਰਥ
ਦੇਖ ਅਰਜੁਨ ਅਸ਼ਵਨੀ ਕੁਮਾਰਾਂ
ਦੇਖ ਤੂੰ ਮੁਰੁਤਾਂ ਦੀਆਂ ਬਹਾਰਾਂ
ਦੇਖ ਤੂੰ ਹੋਰ ਅਨੇਕ ਨਜ਼ਾਰੇ
ਜੋ ਨਹੀਂ ਕਿਸੇ ਨੇ ਵੇਖੇ ਸਾਰੇ।

7

ਚਰਾਚਰ ਸਭ ਜਗਤ ਪਸਾਰਾ
ਇਕ ਥਾਂ ਸਥਿਰ ਸਭ ਵੇਖ ਤੂੰ ਸਾਰਾ
ਮੇਰੀ ਦੇਹ ਵਲ ਧਿਆਨ ਲਗਾ ਤੂੰ
ਜੋ ਇੱਛਿਆ ਸੋ ਦਰਸ਼ਨ ਪਾ ਤੂੰ।

8

ਪਰ ਜੇ ਇਨ ਅੱਖੀਆਂ ਨਾਲ ਤਕ ਸੇਂ
ਵਿਸ਼ਵ ਰੂਪ ਮੇਰਾ ਦੇਖ ਨਾ ਸਕ ਸੇਂ
ਲੈ ਅਰਜੁਨ ਲੈ ਦਿਵਯ ਦ੍ਰਿਸ਼ਟੀ
ਰੱਜ ਕੇ ਵੇਖ ਐਸ਼ਵਰਿਆ ਸ੍ਰਿਸ਼ਟੀ।

9

ਸੰਜਯ ਉਵਾਚ

ਯੋਗੀਆਂ ਦਾ ਜੋ ਪਰਮ ਯੋਗੇਸ਼ਵਰ
ਨਾਰਾਇਣ ਮਾਧੋ ਪਰਮੇਸ਼ਵਰ
ਵਿਸ਼ਵ ਵਿਰਾਟ ਸਰੂਪ ਬਟਾਇਆ
ਪਾਰਥ ਨੂੰ ਸੋ ਰੂਪ ਵਿਖਾਇਆ।

**10**

ਵਾਹ ਵਾਹ ! ਰੂਪ ਅਨੂਪ ਨਿਰਾਲਾ
ਲੱਖ ਮੁੱਖ ਤੇ ਲਖ ਨੇਤਰਾਂ ਵਾਲੇ
ਵੇਖ ਰੂਪ ਵਿਸਮਿਤ ਨੇ ਸਾਰੇ
ਹਦੋਂ ਵੱਧ ਆਣਗਿਣਤ ਨਜ਼ਾਰੇ
ਭੂਸ਼ਨ ਸਜ ਰਹੇ ਲਖ ਹਜ਼ਾਰਾਂ
ਹੱਥ ਵਿਚ ਸ਼ਾਸਤਰ ਵਾਝ ਸ਼ੁਮਾਰਾਂ

**11**

ਗਲ਼ ਵਿਚ ਦਿਵਯ ਹਾਰ ਜਿਨ ਪਾਏ
ਤਨ ਤੇ ਵਸਤਰ ਅਜਬ ਸਜਾਏ
ਦੇਵਤਿਆਂ ਅਰਸ਼ਾਂ ਤੋਂ ਘੱਲੀਆਂ
ਸੋ ਖ਼ੁਸ਼ਬੋਆਂ ਤਨ ਤੇ ਮਲ਼ੀਆਂ
ਚੈਂਹ ਤਰਫੀ ਮੁਖ ਵੇਖਣ ਜਿਸਦੇ
ਜਿਸ ਵਿਚ ਅਜਬ ਨਜ਼ਾਰੇ ਦਿਸਦੇ
ਵਿਸ਼ਵ ਵਿਰਾਟ ਅਨੰਤ ਸੁਆਮੀ
ਨਜ਼ਰ ਪਿਆ ਸੋ ਅੰਤਰਯਾਮੀ।

**12**

ਜਦ ਮਾਧੋ ਨੇ ਰੂਪ ਬਟਾਇਆ
ਜਗ ਵਿਚ ਐਸਾ ਚਾਨਣ ਛਾਇਆ
ਜੇ ਲੱਖਾਂ ਸੂਰਜ ਚੜ੍ਹ ਜਾਵਣ
ਉਸ ਚਾਨਣ ਨੂੰ ਕਦੇ ਨਾ ਪਾਵਣ।

**13**

ਦੇਵਾਂ ਦਾ ਜੋ ਦੇਵ ਕਹਾਵੇ
ਤਿਸ ਵਿਚ ਜਗਤ ਨਜ਼ਰ ਸਭ ਆਵੇ
ਜਗ ਦਾ ਜੋ ਵਿਸਤਾਰ ਹੈ ਸਾਰਾ
ਜੋ ਕੁਝ ਵੀ ਸੰਸਾਰ ਹੈ ਸਾਰਾ

ਅਰਜੁਨ ਨੇ ਸਭ ਇਕ ਥਾਂ ਪਾਇਆ
ਰੂਪ ਵੇਖ ਅਰਜੁਨ ਵਿਸਮਾਇਆ।

14

ਵਿਸ਼ਵ ਰੂਪ ਦਾ ਦਰਸ਼ਨ ਪਾਕੇ
ਅਜਬ ਹੈਰਾਨੀ ਦੇ ਵਿਚ ਆਕੇ
ਰੂਪ ਵੇਖ ਬੌਰਾਨਾ ਹੋਇਆ
ਰੋਮ ਰੋਮ ਮਸਤਾਨਾ ਹੋਇਆ
ਪਾਰਥ ਨੇ ਤਦ ਸੀਸ ਨਿਵਾਇਆ
ਨਮਸਕਾਰ ਕਰ ਵਚਨ ਸੁਨਾਇਆ।

15

ਅਰਜੁਨ ਉਵਾਚ

ਤੇਰੇ ਵਿਸ਼ਵ ਰੂਪ ਵਿਚ ਪ੍ਰਭ ਜੀ
ਸਾਰੇ ਦੇਵਤੇ ਦੇਖਾਂ ਮੈਂ
ਸਥਾਵਰ ਜੰਗਤ ਭੂਤ ਪ੍ਰਾਣੀ
ਰੂਪ ਤੇਰੇ ਵਿਚ ਵੇਖਾਂ ਮੈਂ
ਤੁਝ ਵਿਚ ਵੇਖਾਂ ਈਸ਼ਵਰ ਬ੍ਰਹਮਾ
ਕਮਲ ਆਸਨ ਤੇ ਬਰਾਜ ਰਹੇ
ਰਿਸ਼ੀ ਰਿਸ਼ੇਸ਼ਵਰ ਨਾਗ ਦੇਵਤੇ
ਤੁਝ ਵਿਚ ਸਾਰੇ ਸਾਜ ਰਹੇ।

16

ਭੁਜਾਂ ਅਨੇਕਾਂ ਉਦਰ ਅਨੇਕਾਂ
ਮੁਖ ਤੇ ਨੈਨ ਬੇ ਅੰਤ ਪ੍ਰਭੂ
ਰੂਪ ਅਨੂਪ ਅਨੰਤ ਨੇ ਤੇਰੇ
ਤੂੰ ਸੱਚਾ ਭਗਵੰਤ ਪ੍ਰਭੂ
ਆਦਿ ਨਾ ਲੱਭਿਆ ਮੱਧ ਨਾ ਦਿਸਿਆ
ਅੰਤ ਤੇਰਾ ਕਿਸ ਪਾਇਆ ਏ
ਵਿਸਮਿਤ ਹੋ ਪ੍ਰਭੂ ਸੀਸ ਨਿਵਾਵਾਂ
ਵਿਸ਼ਵ ਰੂਪ ਦਰਸ਼ਾਇਆ ਏ।

17

ਗਦਾ ਚੱਕਰ ਹੱਥਾਂ ਵਿਚ ਸੱਜਦੇ





ਮਸਤਕ ਮੁਕੁਟ ਸੁਹਾਂਦਾ ਏ
ਤੇਜ ਤੇਰੇ ਤੋਂ ਹੇ ਪ੍ਰਭੂ ਮੇਰੇ
ਸੂਰਜ ਵੀ ਸ਼ਰਮਾਂਦਾ ਏ
ਲੱਖਾਂ ਦੀਪਕ ਜਗਮਗ ਕਰਦੇ
ਜੋਤੀਆਂ ਸਭ ਸ਼ਰਮਾਂ ਗਈਆਂ
ਕਿਵੇਂ ਪਛਾਣਾਂ ਰੂਪ ਮੈਂ ਤੇਰਾ
ਅੱਖੀਆਂ ਨੇ ਚੁੰਧਿਆਂ ਗਈਆਂ।

**18**

ਅਕਸ਼ਰ ਨਾਸ਼ ਨਾ ਪਾਵਣ ਵਾਲਾ
ਪਰਮ ਪ੍ਰਭੂ ਪਰਮੇਸ਼ਵਰ ਤੂੰ
ਆਸਰਾ ਹੈ ਜੋ ਸਰਵ ਜਗਤ ਦਾ
ਅਵਿਨਾਸ਼ੀ ਜਗਦੀਸ਼ਵਰ ਤੂੰ
ਨਿਯਮ ਧਰਮ ਜੋ ਆਦੋਂ ਚੱਲਿਆ
ਰਕਸ਼ਕ ਉਸ ਮਾਰਗ ਦਾ ਤੂੰ

ਪਰਮ ਪੁਰਸ਼ ਅਵਿਨਾਸ਼ੀ ਸਵਾਮੀ
ਮਾਲਕ ਸਾਰੇ ਜਗ ਦਾ ਤੂੰ।

*19*

ਆਦਿ ਮੱਧ ਤੇ ਅੰਤ ਨਾ ਤੇਰਾ
ਕੌਣ ਕਹੇ ਗੁਣ ਤੇਰੇ ਜੀ
ਬਲ ਸਮਰਥ ਯੁਕਤ ਮੈਂ ਵੇਖਾਂ
ਦਰਸ਼ਨ ਹੇ ਪ੍ਰਭੂ ਮੇਰੇ ਜੀ
ਹੇ ਪ੍ਰਭੂ ਤੇਰੀਆਂ ਭੁਜਾਂ ਅਨੇਕਾਂ
ਚੰਨ ਸੂਰਜ ਦੋ ਨੈਣ ਤੇਰੇ
ਅਗਨ ਜਵਾਲਾ ਨਿਕਲ ਰਹੀ
ਏ ਪ੍ਰਭੂ ਏਸੇ ਮੁਖ ਹੈਣ ਤੇਰੇ

*20*

ਸਵਰਗ ਲੋਕ ਤੇ ਪ੍ਰਿਥਵੀ ਦੇ ਵਿਚ
ਅਕਾਸ਼ਾਂ ਵਿਚ ਵਿਆਪੇਂ ਤੂੰ
ਐਸਾ ਵਿਸ਼ਵ ਰੂਪ ਹੈ ਤੇਰਾ
ਸਰਵ ਦਿਸ਼ਾਂ ਵਿਚ ਜਾਪੇਂ ਤੂੰ
ਅਦਭੁਧ ਅਚਰਜ ਪਰਮ ਭਿਅੰਕਰ
ਰੂਪ ਵਿਰਾਟ ਨਿਆਰਾ ਏ
ਰੂਪ ਵੇਖ ਵਿਸਮਿਤ ਸਭ ਹੋਏ
ਸਹਿਮ ਗਿਆ ਜਗ ਸਾਰਾ ਏ।

*21*

ਸੂਰਮਿਆਂ ਦਾ ਭੇਸ ਧਾਰ ਕੇ
ਦੇਵਤੇ ਰਣ ਵਿਚ ਲੜ ਰਹੇ ਨੇ
ਤੇਰੇ ਮੁਖ ਦੀ ਜਵਾਲਾ ਦੇ ਵਿਚ
ਦੌੜ ਦੌੜ ਕੇ ਬੜ ਰਹੇ ਨੇ
ਕਈ ਕਈ ਜਿਹੜ ਦੌੜ ਨਾ ਸਕਦੇ
ਹੱਥ ਜੋੜ ਭੈਅਭੀਤ ਖੜੇ
ਰੂਪ ਵੇਖ ਕੇ ਵਿਸਮਿਤ ਹੋਏ
ਗਾਵਣ ਉਸਤਤ ਗੀਤ ਖੜੇ
ਸਿਧ ਮਹਾਰਿਸ਼ੀ ਸਾਰੇ ਪ੍ਰਭੂ ਜੀ

ਸਵਸਤੀ ਵਾਚਨ ਕਰਦੇਂ ਨੇ
ਤੇਰੀ ਉਸਤਤਿ ਮਹਿਮਾ ਵਾਲੇ
ਰਲ ਮਿਲ ਮੰਤਰ ਪੜ੍ਹਦੇ ਨੇ।

22

ਰੁਦ੍ਰ ਆਦੀਤਿਯ ਵਸੂ ਹੇ ਪ੍ਰਭੂ
ਜੋ ਦੇਵਤੇ ਸਾਰੇ ਸਾਹ ਰਹੇ
ਮਰੁਤ ਦੇਵਤੇ ਵਿਸ਼ਵ ਅਸ਼ਵਨੀ
ਪਿੱਤਰੀ ਜਨ ਨੇ ਵਿਰਾਜ ਰਹੇ
ਯਸ਼ ਅਸੁਰ ਗੰਧਰਵ ਸਿੱਧ ਜਨ
ਜੋਤੀ ਤੇਰੀ ਪੇਖ ਰਹੇ
ਸਾਰੇ ਹੀ ਅਤਿ ਵਿਸਮਿਤ ਹੋਕੇ
ਰੂਪ ਤੇਰਾ ਨੇ ਵੇਖ ਰਹੇ।

23

ਲੱਖਾਂ ਮੁਖ ਤੇ ਨੈਨ ਅਨੇਕਾਂ
ਅਤਿ ਮਹਾਨ ਆਕਾਰ ਤੇਰਾ
ਬਾਹਵਾਂ ਲੱਤਾਂ ਚਰਣ ਅਨੇਕਾਂ
ਉਦਰਾਂ ਦਾ ਨਾ ਸ਼ੁਮਾਰ ਤੇਰਾ
ਲੱਖਾਂ ਦਾੜ੍ਹਾਂ ਮੂਖ ਵਿਚ ਤੇਰੇ
ਵੇਖ ਮੈਨੂੰ ਭੈਅ ਆਂਦਾ ਏ
ਪਰਮ ਭਿਅੰਕਰ ਰੂਪ ਵੇਖ ਕੇ
ਸਾਰਾ ਜਗ ਡਰ ਜਾਂਦਾ ਏ।

24

ਆਕਾਸ਼ਾ ਵਿਚ ਸਵਰਗ ਲੋਕ ਤਕ
ਵਿਆਪ ਰਿਹਾ ਏ ਈਸ਼ਵਰ ਤੂੰ
ਤੇਰੇ ਵਰਣ ਤੇ ਰੂਪ ਅਨੇਕਾਂ
ਜਗਮਗ ਕਰੇਂ ਜਗਦੀਸ਼ਵਰ ਤੂੰ
ਹੇ ਵਿਸ਼ਣੂ ਤੂੰ ਤਾ ਮੁਖ ਅਪਨੇ
ਚੌਂਤਰਫੀ ਫੈਲਾਏ ਨੇ
ਨੇਤਰ ਤੇਰੇ ਥਾਂ ਥਾਂ ਚਮਕਣ
ਵੇਖ ਲੋਕ ਘਬਰਾਏ ਨੇ।

25

ਵੇਖ ਰੂਪ ਭੈਅਭੀਤ ਹੋਇਆ ਮੈਂ
ਧੀਰਜ ਸ਼ਾਂਤੀ ਖੋ ਗਿਆ ਮੈਂ
ਵੇਖ ਕੇ ਰੂਪ ਅਨੂਪ ਮੈਂ ਤੇਰਾ
ਲਟ ਬੌਰਾ ਜਿਹਾ ਹੋ ਗਿਆ ਮੈਂ
ਦਾੜ੍ਹਾਂ ਪਰਮ ਭਿਅੰਕਰ ਮੁਖ ਵਿਚ
ਵੇਖ ਰੂਪ ਭੈਅ ਆਂਦਾ ਏ
ਕਾਲ ਅਗਨੀ ਮੁਖ ਤੋਂ ਪਈ ਨਿਕਲੇ
ਮੇਰਾ ਚਿਤ ਘਬਰਾਂਦਾ ਏ
ਪੂਰਬ ਕਿਹੜਾ ਪੱਛਮ ਕਿਧਰੇ
ਇਹ ਵੀ ਮੈਨੂੰ ਸੁੱਝ ਦਾ ਨਹੀਂ
ਹੇ ਵਿਸ਼ਣੂ ਮੈਨੂੰ ਸੁਖ ਨਾ ਕੋਈ
ਹੋਸ਼ ਠਿਕਾਣੇ ਸੁੱਝ ਦਾ ਨਹੀਂ
ਹੇ ਦੇਵੇਸ਼ਵਰ ਜਗ ਦੇ ਸਵਾਮੀ
ਰੂਪ ਵੇਖ ਘਬਰਾਇਆ ਮੈਂ
ਪ੍ਰਸੰਨ ਹੋ ਜਾਓ ਹੇ ਵਿਸ਼ਣੂ
ਸ਼ਰਣ ਤੇਰੀ ਹੁਣ ਆਇਆ ਮੈਂ।

26-27

ਵੇਖਾਂ ਰਾਜੇ ਯੋਧੇ ਸੂਰੇ ਜੋ
ਇਸ ਰਣ ਵਿਚ ਲੜ ਰਹੇ ਨੇ
ਤੇਰੇ ਪਰਮ ਭਿਅੰਕਰ ਮੁਖ ਵਿਚ
ਆਪੇ ਆਪ ਹੀ ਬੜ ਰਹੇ ਨੇ
ਧ੍ਰਿਤਰਾਸ਼ਟ੍ਰ ਦੇ ਬੇਟੇ ਸਾਰੇ
ਤੇਰੇ ਮੁਖ ਵੱਲ ਆ ਰਹੇ ਨੇ
ਭੀਸ਼ਮ, ਦ੍ਰੋਣ, ਕਰਣ, ਅਭਿਮਨਯੂ
ਕਾਲ ਨੂੰ ਆਪ ਬੁਲਾ ਰਹੇ ਨੇ
ਤੇਰੇ ਪਰਮ ਭਿਅੰਕਰ ਮੁਖ ਵਲ
ਦੌੜ ਦੌੜ ਕਈ ਆਂਦੇ ਨੇ
ਕਈ ਇਕ ਬੋਟੀ ਬੋਟੀ ਹੋ ਕੇ
ਦਾੜ੍ਹਾਂ ਵਿਚ ਫਸ ਜਾਂਦੇ ਨੇ।

28

ਨਦੀਆਂ ਦੇ ਪਰਵਾਹ ਦੌੜ ਕੇ
ਸਾਗਰ ਵਿਚ ਜਿਉਂ ਪੈਂਦੇ ਨੇ
ਵੇਖਾਂ ਤਿਵੇਂ ਇਹ ਯੋਧੇ ਤੇਰੀ
ਮੁਖ ਜਵਾਲਾ ਵਿਚ ਢਹਿੰਦੇ ਨੇ
ਜਿਵੇਂ ਪਤੰਗੇ ਵੇਖ ਕੇ ਦੀਪਕ
ਲਟ ਬਾਵਰੇ ਹੋ ਸੜਦੇ ਨੇ
ਤਿਵੇਂ ਇਹ ਪ੍ਰਾਣੀ ਕਾਲ ਦੇ ਬੱਧੇ
ਤੇਰੇ ਮੁਖ ਵਿਚ ਵੜਦੇ ਨੇ।

29

ਸਭ ਲੋਕਾਂ ਨੂੰ ਤੂੰ ਹੇ ਵਿਸ਼ਣੂ
ਚਿਥ ਚਿਥ ਮੂੰਹ ਵਿਚ ਕੱਟ ਰਿਹਾ ਏਂ
ਦਾੜ੍ਹਾਂ ਵਿਚ ਮਜ਼ਬੂਤ ਪਕੜ ਕੇ
ਜੀਭ ਨਾਲ ਤੂੰ ਚੱਟ ਰਿਹਾ ਏਂ
ਤੇਰਾ ਤੇਜ ਮਹਾਨ ਪ੍ਰਭੂ ਜੀ
ਘਟ ਘਟ ਵਿਚ ਸਮਾਇਆ ਏ
ਤੇਜ ਤੇਰੇ ਦੀ ਜਵਾਲਾ ਨੇ
ਪ੍ਰਭੂ ਸਾਰਾ ਜਗਤ ਤਪਾਇਆ ਏ।

30

ਪ੍ਰਸੰਨ ਹੋਵੇ ਹੇ ਦੇਵੇਸ਼ਵਰ
ਚਰਣੀ ਸੀਸ ਝੁਕਾ ਰਿਹਾ ਹਾਂ
ਪਰਮ ਭਿਅੰਕਰ ਰੂਪ ਹੈ ਕਿਸ ਦਾ
ਸੋਚ ਸੋਚ ਘਬਰਾ ਰਿਆ ਹਾਂ
ਅਦਿ ਪੁਰਸ਼ ਨੂੰ ਕਿਵੇਂ ਮੈਂ ਜਾਣਾ
ਚਿਤ ਵਿਚ ਸ਼ੋਕ ਸਮਾਇਆ ਏ
ਕਿਸ ਕਾਰਣ ਹੇ ਕ੍ਰਿਸ਼ਣ ਮੁਰਾਰੇ
ਤੂੰ ਇਹ ਰੂਪ ਵਟਾਇਆ ਏ।

31

*ਸ਼੍ਰੀ ਭਗਵਾਨ ਉਵਾਚ*

ਸਭ ਜਗ ਨੂੰ ਜੋ ਨਾਸ਼ ਕਰੇਂਦਾ

ਸੋ ਮੈਂ ਕਾਲ ਭਿਅੰਕਰ ਹਾਂ
ਮਾਰਨ ਨੂੰ ਤਿਆਰ ਸਦਾ ਮੈਂ
ਰੁਦ੍ਰ ਰੂਪ ਸ਼ਿਵ ਸ਼ੰਕਰ ਹਾਂ
ਭੀਸ਼ਮ ਦ੍ਰੋਣ ਕਰਣ ਸਭ ਯੋਧੇ
ਕਾਲ ਗ੍ਰਾਸ ਸਭ ਕਰ ਜਾਣੇ
ਤੂੰ ਭਾਵੇਂ ਲੜ ਨਾ ਲੜ
ਅਰਜੁਨ ਤਦ ਵੀ ਸਾਰੇ ਮਰ ਜਾਣੇ

*32*

ਅੱਗੇ ਹੀ ਮਰੇ ਹੋਏ ਨੇ ਸਾਰੇ
ਇਹ ਗੱਲ ਸੱਚੀਂ ਮੰਨ ਅਰਜੁਨ
ਭੀਸ਼ਮ ਦ੍ਰੋਣ ਕਾਲ ਵਸ ਸਾਰੇ
ਤੂੰ ਇਕ ਕਾਰਣ ਬਣ ਅਰਜੁਨ
ਉੱਠ ਅਰਜੁਨ ਉੱਠ ਹਿੰਮਤ ਕਰ
ਤੂੰ ਦੁਸ਼ਮਣ ਮਾਰ ਨਸਾ ਦੇ ਤੂੰ

ਯਸ਼ ਪਾਵੇਂ ਤੇ ਰਾਜ ਨੂੰ ਭੋਗੇਂ
ਉੱਠ ਹੁਣ ਬਾਣ ਚਲਾ ਦੇ ਤੂੰ

*33*

ਭੀਸ਼ਮ ਕਰਣ ਜੈਦਰਥ ਦ੍ਰੋਣਾ
ਮੈਂ ਸਭ ਮਾਰ ਛੱਡੇ ਅਰਜੁਨ
ਮੋਇਆਂ ਨੂੰ ਉੱਠ ਮਾਰ ਹੇ ਪਾਰਥ
ਡਰ ਡਰ ਕੇ ਕਾਇਰ ਨਾ ਬਣ
ਉੱਠ ਅਰਜੁਨ ਉੱਠ ਬਾਣ ਚਲਾ ਦੇ
ਸਭ ਸ਼ਤਰੂ ਜਿੱਤ ਜਾਵੇਂਗਾ
ਸ਼ਤਰੂ ਨੂੰ ਉੱਠ ਮਾਰ ਤੂੰ ਅਰਜੁਨ
ਸ੍ਰਿਸ਼ਟੀ ਵਿਚ ਯਸ਼ ਪਾਵੇਂਗਾ

*35*

*ਸੰਜਯ ਉਵਾਚ*

ਸੁਣ ਭਗਵਾਨ ਦੇ ਵਚਨ ਇਹ ਅਰਜੁਨ

ਥਰ ਥਰ ਕੰਬ ਕੰਬ ਪੈਂਦਾ ਏ
ਡਰ ਡਰ ਜੋੜ ਹੱਥਾਂ ਨੂੰ ਨਿਉਂ ਕੇ
ਫਿਰ ਭਗਵਾਨ ਨੂੰ ਕਹਿੰਦਾ ਏ।

### 36

*ਅਰਜੁਨ ਉਵਾਚ*

ਹੇ ਮਾਧਵ ਹੇ ਰਿਸ਼ੀਕੇਸ਼ ਜੀ
ਰੂਪ ਤੇਰੇ ਜਗ ਮੋਹਿਆ ਏ
ਤੇਰੀ ਕੀਰਤੀ ਗਾ ਕੇ ਸੁਣ ਕੇ
ਸਭ ਜਗ ਹਰਸ਼ਿਤ ਹੋਇਆ ਏ
ਰਾਕਸ਼ਸ ਸਾਰੇ ਚੌਂ ਤਰਫਾਂ ਨੂੰ
ਡਰ ਡਰ ਨੱਸਦੇ ਜਾ ਰਹੇ ਨੇ
ਸਿੱਧ ਮੁਨੀ ਸਭ ਇਕੱਠੇ ਹੋਕੇ
ਤੈਨੂੰ ਸੀਸ ਨਿਵਾ ਰਹੇ ਨੇ।

### 37

ਕਿਉਂ ਨਾ ਸਾਰੇ ਸੀਸ ਨਿਵਾਵਣ
ਤੁਧ ਨੂੰ ਹੇ ਦੇਵੇਸ਼ ਅਨੰਤ
ਪਰਮਾਤਮ ਜਗਤ ਆਦੀ ਕਾਰਣ
ਪਾਰਬ੍ਰਹਮ ਪੂਰਣ ਭਗਵੰਤ
ਹਿਰਣ ਗਰਭ ਦਾ ਕਾਰਣ ਈਸ਼ਵਰ
ਘਟ ਘਟ ਵਿਚ ਸਮਾਵੇ ਤੂੰ
ਸਤਿ ਅਸਤਿ ਥੋਂ ਪਰੇ ਤੂੰ
ਅਕਸ਼ਰ ਨਾਸ਼ ਕਦੇ ਨਾ ਪਾਵੇਂ ਤੂੰ।

### 38

ਆਦਿ ਦੇਵ ਤੂੰ ਪੁਰਸ਼ ਸਨਾਤਨ
ਆਸਰਾ ਸਭ ਸੰਸਾਰ ਦਾ ਤੂੰ
ਆਪੇ ਜਾਨਣ ਯੋਗ ਪ੍ਰਭੂ ਤੂੰ
ਗਿਆਤਾ ਜਗ ਬਿਸਤਾਰ ਦਾ ਤੂੰ
ਆਪੇ ਤੂੰ ਪਰਿਪੂਰਣਤਾ ਜਗ ਵਿਚ
ਵਿਸ਼ਨੂ ਰੂਪ ਸਮਾ ਰਿਹਾ ਏਂ
ਪਰਮ ਧਾਮ ਬਿਅੰਤ ਪ੍ਰਭੂ ਸਭ

ਸ੍ਰਿਸ਼ਟੀ ਆਪ ਚਲਾ ਰਿਹਾ ਏ।

39

ਤੂੰ ਵਾਯੂ- ਯਮ-ਵਹੁਣ-ਚੰਦਰਮਾ
ਅਗਨੀ ਤੂੰ ਜਗ ਮਾਲਕ ਤੂੰ
ਬ੍ਰਹਮਾ ਦਾ ਵੀ ਉਤਪਤਿ ਕਰਤਾ
ਅਕਸ਼ਰ ਸ੍ਰਿਸ਼ਟੀ ਪਾਲਕ ਤੂੰ
ਨਮਸਕਾਰ ਪ੍ਰਭੂ ਨਮਸਕਾਰ ਪ੍ਰਭੂ
ਮਹਿਮਾ ਤੇਰੀ ਗਾ ਰਿਹਾ ਹਾਂ
ਨਮਸਕਾਰ ਪ੍ਰਭੂ ਬਾਰਮਬਾਰਾ
ਚਰਣੀ ਸੀਸ ਝੁਕਾ ਰਿਹਾ ਹਾਂ।

40

ਪਰਾਕਰਮੀ ਸਮਰੱਥ ਸੁਆਮੀ
ਸਾਰਾ ਜਗਤ ਚਲਾਵੇਂ ਤੂੰ
ਤੁਧ ਵਿਚ ਸਾਰਾ ਵਿਸ਼ਵ ਵਿਆਪੇ
ਸਰਵ ਰੂਪ ਅਖਵਾਵੇਂ ਤੂੰ
ਪੂਰਬ ਪੱਛਮ ਉੱਤਰ ਦੱਖਣ
ਤੇਰਾ ਹੀ ਵਿਸਤਾਰ ਪ੍ਰਭੂ
ਸਰਵ ਦਿਸ਼ਾ ਵਿਚ ਸੀਸ ਨਿਵਾਵਾਂ
ਤੁਧ ਨੂੰ ਬਾਰਮਬਾਰ ਪ੍ਰਭੂ

41

ਬੇਸਮਝੀ ਜਾ ਹਠ ਵਿਚ ਤੈਨੂੰ
ਕ੍ਰਿਸ਼ਨਮੁਰਾਰੀ ਕਹਿੰਦਾ ਸਾਂ
ੳ ਯਾਦਵ ੳ ਮਿਤ੍ਰ ਪਿਆਰੇ
ਸਦਾ ਬੁਲਾਂਦਾ ਰਹਿੰਦਾ ਸਾਂ
ਹਾਸੇ ਵਿਚ ਜਾਂ ਖੇਡਨ ਵੇਲੇ
ਨਾਮ ਤੇਰੇ ਮੈਂ ਧਰਦਾ ਸਾਂ
ਕਈ ਬਾਰ ਮਿੱਤਰਾਂ ਵਿਚ ਬਹਿ ਕੇ
ਮੈਂ ਬੇਅਦਬੀਆਂ ਕਰਦਾ ਸਾਂ।

42

ਸ਼ਮਾਂ ਕਰੀ ਅਪਰਾਧ ਤੂੰ ਮੇਰੇ

ਰੂਪ ਤੇਰਾ ਨਾ ਜਾਣਿਆ ਮੈਂ
ਅਗਮ ਅਗੋਚਰ ਅਲਖ ਅਪਾਰਾ
ਤੈਨੂੰ ਨਹੀਂ ਸੀ ਪਛਾਣਿਆ ਮੈਂ।

43

ਜਗਤ ਪਿਤਾ ਪਰਮੇਸ਼ਵਰ ਹੈਂ
ਤੂੰ ਹੈ ਗੁਰੂ ਮਹਾਨ ਪ੍ਰਭੂ
ਤ੍ਰੈਲੋਕੀ ਵਿਚ ਪੂਜਣ ਲਾਇਕ
ਕੋਈ ਨਾ ਤੇਰੇ ਸਮਾਨ ਪ੍ਰਭੂ
ਸ਼ਮਾ ਕਰੋ ਅਪਰਾਧ ਪ੍ਰਭੂ ਜੀ
ਸੀਸ ਚਰਨ ਵਿਚ ਧਰਦਾ ਹਾਂ
ਪ੍ਰਸੰਨ ਹੋਵੋ ਹੇ ਪਰਮੇਸ਼ਵਰ
ਚਰਣ ਵੰਦਨਾ ਕਰਦਾ ਹਾਂ।

44

ਪੁੱਤਰ ਪਿਤਾ ਥੋਂ ਮਿੱਤਰ ਮਿੱਤਰ ਥੋਂ
ਭੁੱਲਾਂ ਜਿਵੇਂ ਬਖਸ਼ਾ ਲੈਂਦਾ
ਪਤੀ ਜਿਵੇਂ ਪਤਨੀ ਦੀਆਂ ਭੁੱਲਾਂ
ਬਖ਼ਸ਼ ਕੇ ਗਲ਼ ਨਾਲ ਲਾ ਲੈਂਦਾ
ਤਿਵੇਂ ਪ੍ਰਭੂ ਜਗ ਮਾਲਕ ਸਵਾਮੀ
ਭੁੱਲਾਂ ਸਭ ਬਖਸ਼ਾਵਾਂ ਮੈਂ
ਬਖ਼ਸ਼ ਦੇਵੋ ਅਪਰਾਧ ਪ੍ਰਭੂ ਜੀ
ਚਰਣੀ ਸੀਸ ਝੁਕਾਵਾਂ ਮੈਂ।

45

ਅਣਡਿੱਠਿਆ ਇਹ ਰੂਪ ਵੇਖ ਕੇ
ਹਰਸ਼ਿਤ ਹੇ ਭਗਵਾਨ ਵੀ ਹਾਂ
ਡਰ ਡਰ ਕੇ ਕੁਝ ਵਿਆਕੁਲ ਵੀ ਹਾਂ
ਰੂਪ ਵੇਖ ਹੈਰਾਨ ਵੀ ਹਾਂ
ਪ੍ਰਸੰਨ ਹੋਵੋ ਹੇ ਵਿਸ਼ਵੇਸ਼ਵਰ
ਅਪਣਾ ਰੂਪ ਵਟਾ ਲੋ ਜੀ
ਰੂਪ ਚਤੁਰਭੁਜ ਫੇਰ ਵਿਖਾਓ
ਰੂਪ ਵਿਰਾਟ ਲੁਕਾਓ ਜੀ।

46

ਮੋਰ ਮੁਕਟ ਤੇ ਗਦਾ ਚੱਕਰ
ਪ੍ਰਭੂ ਫੇਰ ਵੇਖਣਾ ਚਾਹਵਾਂ ਮੈਂ
ਰੂਪ ਚਤਰਭੁਜ ਫੇਰ ਵਿਖਾਓ
ਚਰਣੀ ਸੀਸ ਨਿਵਾਵਾਂ ਮੈਂ।

47

*ਸ਼੍ਰੀ ਭਗਵਾਨ ਉਵਾਚ*

ਪ੍ਰਸੰਨ ਹੋਕੇ ਲੋਕ ਦੇ ਕਾਰਣ
ਰੂਪ ਅਨੂਪ ਵਿਖਾਇਆ ਮੈਂ
ਪਰਮ ਤੇਜਮਯ ਆਦਤੇਂ ਅਨਹਦ
ਵਿਸ਼ਵ ਰੂਪ ਦਰਸ਼ਾਇਆ ਮੈਂ
ਵਿਸ਼ਵ ਵਿਰਾਟ ਰੂਪ ਜੋ ਅੱਜ ਤਕ
ਕਿਸੇ ਨਜ਼ਾਰਾ ਲੀਤਾ ਨਹੀਂ
ਏਸ ਰੂਪ ਦਾ ਤੁਧ ਬਿਨ ਅਰਜੁਨ
ਕਿਸੇ ਵੀ ਦਰਸ਼ਨ ਕੀਤਾ ਨਹੀਂ।

48

ਵੇਦ ਗਿਆਨੀ ਯੱਗ ਦੇ ਕਰਤਾ
ਰੂਪ ਵਿਰਾਟ ਨਾ ਵੇਖ ਸਕੇ
ਕ੍ਰਿਆ ਕਰਮ ਤਪ ਦਾਨ ਦੇ ਪੂਰੇ
ਸੋ ਵੀ ਰੂਪ ਨੇ ਪੇਖ ਸਕੇ।

49

ਰੂਪ ਵੇਖ ਕੇ ਵਿਆਕੁਲ ਨਾ ਹੋ
ਮੂੜ੍ਹਪਣਾ ਛੱਡ ਪਾਰਥ ਤੂੰ
ਨਿਰਭੈਅ ਹੋਕੇ ਪ੍ਰਸੰਨ ਹੋਕੇ
ਇਸ਼ਟ ਵੇਖ ਹੇ ਪਾਰਥ ਤੂੰ
ਗਧਾ ਚੱਕਰ ਹੱਥਾਂ ਵਿਚ ਸਜਦੇ
ਵੇਖ ਚਤੁਰਭੁਜ ਮੂਰਤ ਤੂੰ
ਮੋਰ ਮੁਕਟ ਪੀਤਾਂਬਰ ਧਾਰੀ
ਕ੍ਰਿਸ਼ਣ ਸਖਾ ਦੀ ਸੂਰਤ ਤੂੰ।

50

*ਸੰਜਯ ਉਵਾਚ*

ਸੰਜੇ ਬੋਲਿਆ ਹੇ ਰਾਜਨ!
ਤਦ ਵਿਸ਼ਵ ਦੇਵ ਪਰਮੇਸ਼ਵਰ ਨੇ
ਫਿਰ ਮਾਨੁਸ਼ ਦੇਹ ਰੂਪ ਵਟਾਇਆ
ਵਿਸ਼ਣੂ ਪਰਮ ਮਹੇਸ਼ਵਰ ਨੇ
ਸੋਮ ਮੂਰਤੀ ਕ੍ਰਿਸ਼ਣ ਧਾਰ ਕੇ
ਪਾਰਥ ਨੂੰ ਪੁਚਕਾ ਰਿਹਾ ਏ
ਡਰੇ ਹੋਏ ਅਰਜੁਨ ਨੂੰ ਮਾਧਵ
ਮੁੜ ਮੁੜ ਧੀਰ ਬੰਦਾ ਰਿਹਾ ਏ।

51

*ਅਰਜੁਨ ਉਵਾਚ*

ਹੇ ਮਾਧਵ! ਹੇ ਕ੍ਰਿਸ਼ਣ ਮੁਰਾਰੀ!
ਹੇ ਮਨ ਮੋਹਨ ਹੇ ਗਿਰਧਾਰੀ
ਵੇਖ ਕੇ ਫਿਰ ਮਾਨੁਸ਼ ਦੇਹ ਤੇਰੀ
ਹੋਸ਼ ਠਿਕਾਨੇ ਆ ਗਈ ਮੇਰੀ।

52

*ਸ਼੍ਰੀ ਭਗਵਾਨ ਉਵਾਚ*

ਹੇ ਅਰਜੁਨ! ਸ਼ੁਭ ਭਾਗ ਹੈ ਤੇਰਾ
ਵੇਖਿਆ ਵਿਸ਼ਵ ਰੂਪ ਜੋ ਮੇਰਾ
ਬੜਾ ਕਠਿਨ ਇਸ ਰੂਪਦਾ ਦਰਸ਼ਨ
ਦੇਵਤੇ ਵੀ ਇਸ ਰੂਪ ਨੂੰ ਤਰਸਣ।

53

ਵੇਦ ਪੜ੍ਹੇ ਤਪ ਦਾਨ ਕਰੇ ਜੋ
ਯੱਗ ਕਰਨ ਵਿਚ ਧਿਆਨ ਧਰੇ ਜੋ
ਸੋ ਨਰ ਵੀ ਹੇ ਅਰਜੁਨ ਪਿਆਰੇ
ਵਿਸ਼ਵ ਰੂਪ ਨਾ ਕਦੀ ਨਿਹਾਰੇ।

54

ਮੇਰੇ ਵਿਸ਼ਵ ਰੂਪ ਦਾ ਦਰਸ਼ਨ

ਜੇ ਕੋਈ ਕਰਨਾ ਚਾਹਵੇ ਅਰਜੁਨ
ਸਤਿਸਰੂਪ ਨੂੰ ਜਾਣਨਾ ਚਾਹਵੇ
ਕੇਵਲ ਮੁਝ ਵਿਚ ਧਿਆਨ ਲਗਾਵੇ
ਸਭ ਤਰਫੋਂ ਮਨ ਵਾਗਾਂ ਮੋੜੇ
ਇਕ ਰਸ ਭਗਤੀ ਵਿਚ ਚਿਤ ਜੋੜੇ।



55

ਮੇਰੇ ਹਿੱਤ ਸਭ ਕਰਮ ਕਮਾਂਦਾ
ਮੁਝ ਵਿਚ ਅਪਣਾ ਆਪ ਰਮਾਂਦਾ
ਜੋ ਹੈ ਮੇਰਾ ਭਗਤ ਪਿਆਰਾ
ਦੁਨੀਆਂ ਦਾ ਮੋਹ ਤਿਆਗੇ ਸਾਰਾ
ਜੋ ਨਰ ਸੰਗ ਰਹਿਤ ਹੋ ਜਾਵੇ
ਵੈਰ ਭਾਵ ਸਭ ਮਨੋਂ ਭੁਲਾਵੇ
ਸੋ ਨਰ ਸੱਚਾ ਭਗਤ ਕਹਾਂਦਾ
ਮੇਰੇ ਸਤਿ ਸਰੂਪ ਨੂੰ ਪਾਂਦਾ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਸ਼੍ਰੀ ਵਿਸ਼ਵਵਿਰਾਟ ਰੂਪ ਦਰਸ਼ਨ ਨਾਮਕ ਗਿਆਰਵਾਂ ਅਧਿਆਇ ਸਮਾਪਤ ਹੋਇਆ।*

# ਬਾਰਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਭਗਤੀ ਯੋਗ



**1**

*ਅਰਜੁਨ ਉਵਾਚ!*

ਪ੍ਰਭੂ ਜੋ ਤੂੰ ਉਪਦੇਸ਼ ਸੁਣਾਇਆ
ਉਸ ਥੋਂ ਇਹ ਕੁਝ ਸਮਝ ਹੈ ਆਇਆ

ਹੇ ਮਾਧਵ ਹੇ ਕ੍ਰਿਸ਼ਣ ਮੁਰਾਰੇ
ਦੋ ਪ੍ਰਕਾਰ ਦੇ ਭਗਤ ਤਿਹਾਰੇ
ਇਕ ਤਾਂ ਸਗੁਣ ਰੂਪ ਨੂੰ ਧਿਆਵਣ
ਸਗੁਣ ਪ੍ਰਭੂ ਨੂੰ ਸੀਸ ਨਿਵਾਵਣ
ਦੂਜੇ ਨਿਰਗੁਣ ਬ੍ਰਹਮ ਸਿਮਰਦੇ
ਨਿਰਾਕਾਰ ਦੀ ਪੂਜਾ ਕਰਦੇ
ਦੋਹਾਂ ਵਿਚ ਪ੍ਰਭੂ ਜੀ ਫਰਮਾਓ
ਕੋਣ ਹੈ ਗਿਆਨੀ ਇਹ ਸਮਝਾਓ।

**2**

*ਸ਼੍ਰੀ ਭਗਵਾਨ ਉਵਾਚ!*

ਜੋ ਨਰ ਮਨ ਮੇਰੇ ਵਿਚ ਲਾਵੇ
ਸ਼ਰਧਾ ਤੇ ਵਿਸ਼ਵਾਸ ਵਧਾਵੇ
ਸਗੁਣ ਵਿਰਾਟ ਰੂਪ ਜੋ ਧਿਆਂਦਾ

ਸੋ ਉੱਤਮ ਯੋਗੀ ਸਦਵਾਂਦਾ।

3 –4

ਜੋ ਨਰ ਸਭ ਜਗ ਦਾ ਹਿਤ ਚਾਹੁੰਦੇ
ਜੋ ਨਰ ਸਮ ਦ੍ਰਿਸ਼ਟੀ ਹੋ ਜਾਂਦੇ
ਇੰਦਰੀਆਂ ਸਭ ਵਸ ਵਿਚ ਕਰਦੇ
ਅਕਸ਼ਰ ਬ੍ਰਹਮ ਵਿਖੇ ਚਿਤ ਧਰਦੇ
ਅਕਸ਼ਰ ਨਾਸ਼ ਰਹਿਤ ਸਦਵਾਵੇ
ਵਰਨਣ ਵਿਚ ਜੋ ਕਦੇ ਨਾ ਆਵੇ
ਨਿਰਾਕਾਰ ਅਵਿਅਕਤ ਸੁਆਮੀ
ਨਿੱਤ ਨਿਰੰਤਰ ਅੰਤਰਯਾਮੀ
ਮਨ ਬੁੱਧੀ ਥੋਂ ਪਰੇ ਅਵਿਨਾਸ਼ੀ
ਅਚਲ ਏਕਰਸ ਘਟ ਘਟ ਵਾਸੀ
ਜੋ ਯੋਗੀ ਉਸ ਬ੍ਰਹਮ ਨੂੰ ਧਿਆਵਣ
ਬ੍ਰਹਮ ਵਿਖੇ ਸੋ ਲੀਨ ਹੋ ਜਾਵਣ।

5

ਜੋ ਨਿਰਗੁਣ ਦੀ ਪੂਜਾ ਕਰਦੇ
ਅਕਸ਼ਰ ਬ੍ਰਹਮ ਬਿਖੇ ਚਿਤ ਧਰਦੇ
ਜੋ ਕੋਈ ਨਿਰਾਕਾਰ ਨੂੰ ਧਿਆਂਦੇ
ਅਰਜੁਨ ਸੋ ਅਤਿ ਕਸ਼ਟ ਉੱਠਾਂਦੇ
ਦੇਹ ਅਭਿਮਾਨ ਮਿਟਾਣਾ ਔਖਾ
ਨਿਰਗੁਣ ਬ੍ਰਹਮ ਨੂੰ ਪਾਣਾ ਔਖਾ।

6

ਜੋ ਨਰ ਮੇਰੇ ਵਿਚ ਲਿਵ ਲਾਂਦੇ
ਮੇਰੇ ਹਿਤ ਸਭ ਕਰਮ ਕਮਾਂਦੇ
ਸਗੁਣ ਰੂਪ ਦਾ ਚਿੰਤਨ ਕਰਦੇ
ਇਕ ਰਸ ਹੋ ਮੇਰਾ ਨਾਮ ਸਿਮਰਦੇ।

7–8

ਮਨ ਚਿਤ ਜੋ ਮੇਰੇ ਵਿਚ ਲਾਵਣ
ਮੇਰੇ ਪ੍ਰੇਮੀ ਭਗਤ ਕਹਾਵਣ

ਭਗਤਾਂ ਦਾ ਉਧਾਰ ਕਰਾਂ ਮੈਂ
ਭਵਸਾਗਰ ਤੋਂ ਪਾਰ ਕਰਾਂ ਮੈਂ
ਮ੍ਰਿਤੂ ਰੂਪ ਘੋਰ ਸੰਸਾਰਾ
ਇਸ ਥੋਂ ਕਰਾਂ ਮੈਂ ਪਾਰ ਉਤਾਰਾਂ
ਪਲ ਪਲ ਮੇਰਾ ਨਾਮ ਧਿਆ ਤੂੰ
ਮਨ ਬੁੱਧੀ ਮੇਰੇ ਵਿਚ ਲਾ ਤੂੰ
ਇਥੋਂ ਜਦ ਮੁਝ ਵਿਚ ਧਿਆਨ ਧਰੇਂਗਾ
ਮੇਰੇ ਵਿਚ ਹੀ ਨਿਵਾਸ ਕਰੇਂਗਾ।

9

ਜੇ ਇਉਂ ਹੇ ਪਾਰਥ ਮੁਝ ਮਾਹੀਂ
ਚਿਤ ਲਾਵਨ ਦੀ ਸ਼ਕਤੀ ਨਾਹੀਂ
ਤਦ ਅਭਿਆਸ ਵਿਖੇ ਚਿਤ ਧਰ ਤੂੰ
ਮੈਨੂੰ ਮਿਲਣ ਦੀ ਇੱਛਿਆ ਕਰ ਤੂੰ।

10

ਜੇ ਅਭਿਆਸ ਵੀ ਸਮਰੱਥ ਨਾਹੀਂ
ਕਰਮ ਅਪਰਣ ਕਰ ਮੇਰੇ ਤਾਈਂ
ਮੇਰੇ ਹਿਤ ਜੇ ਕਰਮ ਕਮਾਵੇਂ
ਸਹਿਜ ਹੀ ਪਰਮ ਸਿੱਧ ਹੋ ਜਾਵੇਂ।

11

ਕਰ ਨਹੀਂ ਸਕਦਾ ਜੇ ਇਸ ਗਲ਼ ਨੂੰ
ਤਿਆਗ ਅਰਜੁਨ ਕਰਮਾਂ ਦੇ ਫਲ ਨੂੰ
ਮਨ ਵਸ ਕਰ ਇਸ ਪਾਸੇ ਲਾ ਤੂੰ
ਇਕ ਰਸ ਹੋ ਸ਼ਰਣ ਮੇਰੀ ਆ ਤੂੰ।

12

ਹੈ ਅਭਿਆਸ ਥੋਂ ਗਿਆਨ ਚੰਗੇਰਾ
ਗਿਆਨ ਨਾਲੋਂ ਹੈ ਧਿਆਨ ਉਚੇਰਾ
ਧਿਆਨ ਨਾਲੋਂ ਅਤਿ ਸ਼੍ਰੇਸ਼ਠ ਹੇ ਅਰਜੁਨ
ਸਭ ਕਰਮਾਂ ਦੇ ਫਲ ਦਾ ਤਿਆਗਨ
ਕਰਮ ਫਲਾਂ ਨੂੰ ਜੋ ਛੱਡ ਜਾਵੇ
ਸੋ ਨਰ ਪਰਮ ਸ਼ਾਂਤੀ ਪਾਵੇ।

13

ਦਵੇਸ਼ ਭਾਵ ਜੋ ਮਨੋਂ ਭੁਲਾਂਦਾ
ਸਭ ਸੰਸਾਰ ਦਾ ਮਿਤ੍ਰ ਕਹਾਂਦਾ
ਧਰਤੀ ਸ਼ਮਾ ਦਾ ਮਰਮ ਪਛਾਣੇ
ਸੁਖ ਦੁਖ ਨੂੰ ਜੋ ਇਕ ਸਮ ਜਾਣੇ
ਅਹੰਕਾਰ ਜੋ ਕਰਦਾ ਨਾਹੀਂ
ਦਯਾ ਕਰੇ ਜੋ ਜੀਵਾਂ ਤਾਈਂ।

14

ਸਦਾ ਸਬਰ ਸੰਤੋਖ ਜੋ ਕਰਦਾ
ਯੋਗ ਅਭਿਆਸ ਵਿਖੇ ਚਿਤ ਧਰਦਾ
ਇੰਦਰੀਆਂ ਨੂੰ ਜੋ ਜਿੱਤ ਜਾਂਦਾ
ਨਿਸ਼ਚੈ ਨਾਲ ਹੈ ਮੈਨੂੰ ਧਿਆਂਦਾ
ਸਥਿਰ ਚਿਤ ਹੋ ਮੇਰਾ ਨਾਮ ਸਿਮਰ ਦਾ
ਮਨ ਬੁੱਧੀ ਮੇਰੇ ਅਰਪਨ ਕਰਦਾ
ਐਸਾ ਮੇਰਾ ਭਗਤ ਦੁਲਾਰਾ
ਸੋ ਮੈਨੂੰ ਅਤਿਅੰਤ ਪਿਆਰਾ।

15

ਜੋ ਸੰਸਾਰ ਥੋਂ ਭੈਅ ਨਾ ਖਾਵੇ
ਨਾ ਹੀ ਜਿਸ ਥੋਂ ਜਗ ਡਰ ਜਾਵੇ
ਹਰਸ਼, ਵਿਸ਼ਾਦ ਤੇ ਭੈਅ ਨੂੰ ਤਿਆਗੇ
ਕਰ ਸੰਤੋਖ ਸ਼ਰਣ ਮੇਰੀ ਲਾਗੇ
ਹਰਸ਼ ਸ਼ੋਕ ਤੋਂ ਕਰੇ ਕਿਨਾਰਾ
ਸੋ ਮੈਨੂੰ ਅਤਿਅੰਤ ਪਿਆਰਾ।

16

ਅੰਦਰੋ ਬਾਹਰੋਂ ਮੈਲ ਗਵਾਵੇ
ਮਨ ਇੰਦਰੇ ਚਿਤ ਵਸ ਵਿਚ ਲਿਆਵੇ
ਚਤੁਰਾਂ ਵਾਂਗੂੰ ਕਰੇ ਗੁਜ਼ਾਰਾ
ਜਗ ਦੇ ਮੋਹ ਤੋਂ ਕਰੇ ਕਿਨਾਰਾ
ਨਿਰਭੈਅ ਜਗ ਦੇ ਦੁਖ ਨਾ ਝਾਗੇ
ਕਰਮ ਫਲਾਂ ਦੀ ਇੱਛਿਆ ਤਿਆਗੇ

ਐਸਾ ਜੋ ਹੈ ਭਗਤ ਚੰਗੇਰਾ
ਉਸ ਵਿਚ ਮੇਰਾ ਪਿਆਰ ਵਧੇਰਾ।

17

ਜੋ ਮਨ ਚਾਹਵੇ ਸੋ ਮਿਲ ਜਾਂਦਾ
ਤਦ ਵੀ ਜੋ ਨਾ ਹਰਸ਼ ਮਨਾਂਦਾ
ਜੇ ਨਾ ਮਿਲੇ ਤੇ ਸਬਰ ਹੈ ਕਰਦਾ
ਦਵੇਸ਼ ਭਾਵ ਵਿਚ ਚਿਤ ਨਾ ਧਰਦਾ
ਜੇ ਕੋਈ ਪਿਆਰੀ ਸ਼ੈਅ ਗੁੰਮ ਜਾਵੇ
ਤਦ ਵੀ ਜੋ ਨਾ ਸ਼ੋਕ ਮਨਾਵੇ
ਜੋ ਅਣ ਮਿਲਣੀ ਸ਼ੈਅ ਜਗ ਮਾਹੀਂ
ਉਸ ਦੀ ਇੱਛਿਆ ਕਰਦਾ ਨਾਹੀਂ
ਜੋ ਸਭ ਕਰਮਾਂ ਦਾ ਫ਼ਲ ਤਿਆਗੇ
ਬਣ ਕੇ ਭਗਤ ਜੋ ਸ਼ਰਣੀ ਲਾਗੇ
ਐਸਾ ਜੋ ਹੈ ਭਗਤ ਦੁਲਾਰਾ
ਸੋ ਮੈਨੂੰ ਅਤਿਅੰਤ ਪਿਆਰਾ।

18

ਸ਼ਤਰੂ ਮਿਤ੍ਰ ਜੋ ਇਕ ਸਮ ਜਾਣੇ
ਸੁਖ ਦੁਖ ਵਿਚ ਨਾ ਫਰਕ ਪਛਾਣੇ
ਮਾਨ ਅਪਮਾਨ ਤੇ ਸਰਦੀ ਗਰਮੀ
ਇਕ ਸਮ ਜਿਸ ਨੂੰ ਸਖ਼ਤੀ ਨਰਮੀ
ਫਲ ਇੱਛਿਆ ਛੱਡ ਕਰਮ ਕਮਾਂਦਾ
ਜਗ ਝੰਝਟ ਵਿਚ ਜੋ ਨਾ ਆਂਦਾ।

19

ਸਤੁਤਿ ਨਿੰਦਿਆ ਵਿਚ ਇਕ ਸਮ ਰਹਿੰਦਾ
ਵਾਣੀ ਤੀਕ ਜੋ ਵਸ ਕਰ ਲੈਂਦਾ
ਜੋ ਕੁਝ ਮਿਲੇ ਸਬਰ ਨਾਲ ਖਾਵੇ
ਜੋ ਨਰ ਸਥਿਰ ਬੁੱਧੀ ਹੋ ਜਾਵੇ
ਸਥਾਨ ਰਹਿਤ ਜਗ ਮੋਹ ਤੋਂ ਨਿਆਰਾ
ਸੋ ਹੈ ਮੇਰਾ ਭਗਤ ਪਿਆਰਾ





ਸ਼ਰਧਾ ਰਖਦਾ ਜੋ ਮੁਝ ਮਾਹੀਂ
ਜਿਸ ਨੂੰ ਮੁਝ ਬਿਨ ਆਸਰਾ ਨਾਹੀਂ।

20

ਏਸ ਧਰਮ ਵਿਚ ਜੋ ਚਿਤ ਧਰਦਾ
ਧਰਮ ਅਮ੍ਰਿਤ ਜੋ ਸੇਵਨ ਕਰਦਾ
ਪਾਰਥ ਜੋ ਨਰ ਭਗਤ ਹੈ ਮੇਰਾ
ਉਸ ਵਿਚ ਮੇਰਾ ਪਿਆਰ ਘਨੇਰਾ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਭਗਤੀ ਯੋਗ ਨਾਮਕ ਬਾਰਵਾਂ ਅਧਿਆਇ ਸਮਾਪਤ ਹੋਇਆ।*

# ਤੇਰਵ੍ਹਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਭਗਤੀ ਯੋਗ

*1*

*ਸ੍ਰੈਗੀ ਭਗਵਾਨ ਉਵਾਚ!*

ਹੇ ਪਾਰਥ ਹੇ ਕੁਨਤੀ ਨੰਦਨ
ਇਸ ਦੇਹ ਨੂੰ ਸਭ ਸ਼ੇਤ੍ਰ ਆਖਨ
ਜੋ ਸ਼ੇਤ੍ਰ ਦੇ ਤੱਤ ਨੂੰ ਪਾਵੇ
ਸੋ ਗਿਆਤਾ ਸ਼ੇਤ੍ਰ ਕਹਾਵੇ

*2*

ਸਭ ਸ਼ੇਤ੍ਰ ਵਿਚ ਤੂੰ ਹੇ ਪਾਰਥ
ਸ਼ੇਤ੍ਰ ਮੈਨੂੰ ਜਾਣ ਹੇ ਪਾਰਥ
ਜੋ ਸ਼ੇਤ੍ਰਾਂ ਦੇ ਤੱਤ ਨੂੰ ਜਾਣੇ
ਪ੍ਰਕ੍ਰਿਤੀ ਪੁਰਸ਼ ਦਾ ਮਰਮ ਪਛਾਣੇ
ਸੋ ਗਿਆਨੀ ਹੈ ਤੱਤ ਨੂੰ ਪਾਂਦਾ
ਸੋਈ ਗਿਆਨ ਹੈ ਗਿਆਨ ਸਦਾਂਦਾ

*3*

ਕੀ ਹੈ ਇਹ ਸ਼ੇਤ੍ਰ ਹੇ ਪਾਰਥ
ਇਸ ਦੇ ਕੀ ਵਿਕਾਰ ਨੇ ਪਾਰਥ
ਸ਼ੇਤ੍ਰ ਹੈ ਕੋਣ ਕਹਾਂਦਾ
ਕੀ ਇਸਦਾ ਪ੍ਰਭਾਵ ਸਦਾਂਦਾ
ਸੁਣ ਲੈ ਕੋਣ ਉਪਾਧੀ ਇਸ ਦੀ
ਕੌਣ ਕੌਣ ਹੈ ਸ਼ਕਤੀ ਤਿਸ ਦੀ
ਜੋ ਦੋਹਾਂ ਦੇ ਗੁਣ ਹੇ ਅਰਜੁਨ
ਥੋੜ੍ਹੇ ਥੋੜ੍ਹੇ ਸੁਣ ਹੇ ਅਰਜੁਨ

*4*

ਇਹ ਗੱਲ ਰਿਸ਼ੀ ਮੁਨੀ ਸਭ ਗਾਂਦੇ
ਵੇਦ ਵੀ ਗੱਲ ਇਹੋ ਸਮਝਾਂਦੇ
ਬ੍ਰਹਮ ਸੂਤਰ ਵਿਚ ਇਸਦਾ ਵਰਨਣ
ਕਈ ਤਰ੍ਹਾਂ ਦਾ ਮਿਲਦਾ ਅਰਜੁਨ।

5

ਪੰਚ ਭੂਤ ਦੀ ਇਹ ਹੈ ਕਾਇਆ
ਹੈ ਇਸ ਵਿਚ ਅਹੰਕਾਰ ਸਮਾਇਆ
ਏਸ ਸਰੀਰ ਖੇਤ ਵਿਚ ਪਾਰਥ
ਬੁੱਧੀ ਗਿਆਨ ਵਿਵੇਕ ਨੇ ਪਾਰਥ
ਮਹਾਂ ਤਤਵ ਅਵਿਅਕਤ ਕਹਾਵੇ
ਗੁਪਤ ਪ੍ਰਕਿਰਤੀ ਨਜ਼ਰ ਨਾ ਆਵੇ
ਕਰਮ ਗਿਆਨ ਦਸ ਇੰਦਰੀਆਂ ਅਰਜੁਨ
ਗਿਆਰਵਾਂ ਏਸ ਸ਼ਰੀਰ ਦੇ ਵਿਚ ਮਨ।

6

ਇੱਛਿਆ ਦਵੇਸ਼ ਤੇ ਸੁਖ ਦੁਖ ਸਾਰੇ
ਚਿਤ ਤੇ ਧੀਰਜ ਅਰਜੁਨ ਪਿਆਰੇ
ਇਹ ਸਭ ਸ਼ੇਤ੍ਰ ਵਿਕਾਰ ਕਹਾਵਣ
ਇਹ ਸਭ ਕਾਇਆ ਵਿਖੇ ਸਮਾਵਣ।

7

ਮਾਣ ਅਤੇ ਵਡੱਪਣ ਨਾ ਚਾਹਣਾ
ਸੁਣ ਵਡਿਆਈ ਫੁਲ ਨਾ ਜਾਣਾ
ਧਰਮ ਕਰਮ ਦਾ ਨਾਂ ਵਡਿਆਣਾ
ਕਿਸੇ ਨੂੰ ਨਾ ਪਾਖੰਡ ਵਿਖਾਣਾ
ਸ਼ਮਾ ਅਹਿੰਸਾ ਸਰਲਤਾ ਕਰਨਾ
ਗੁਰੂ ਚਰਣਾਂ ਵਿਚ ਸੀਸ ਨੂੰ ਧਰਨਾ
ਦੇਹ ਸਰੀਰ ਨੂੰ ਮਲ ਮਲਧੋਣਾ
ਅੰਤ ਕਰਣ ਦੋ ਨਿਰਮਲ ਹੋਣਾ
ਸਥਿਰ ਵਿਤ ਹੋ ਕੇ ਧਿਆਨ ਜਮਾਣਾ
ਆਤਮਾ ਨੂੰ ਸਤਿ ਮਾਰਗ ਲਾਣਾ।

8

ਸ਼ਬਦ ਸਪਰਸ਼ ਰੂਪ ਰਸ ਗੰਧ
ਛੱਡ ਦੇਣਾ ਸਭ ਦਾ ਸੰਬੰਧ
ਕਦੇ ਵੀ ਅਹੰਕਾਰ ਨਾ ਕਰਨਾ

ਜਨਮ ਮਰਨ ਦਾ ਦੁੱਖ ਚਿਤ ਧਰਨਾ
ਜਰਾ ਬੁੜਾਪਾ ਰੋਗ ਬਿਮਾਰੀ
ਸਭਨਾ ਵਿਚ ਦੁੱਖ ਦੋਸ਼ ਨੇ ਭਾਰੀ
ਦੁੱਖ ਦੋਸ਼ਾਂ ਵਿਚ ਧਿਆਨ ਜਮਾਣਾ
ਦੁੱਖ ਦੋਸ਼ਾਂ ਦੇ ਤੱਤ ਨੂੰ ਪਾਣਾ।

9

ਸੁਤ ਦਾਰਾ ਘਰ ਬਾਰ ਹੇ ਪਾਰਥ
ਸਭ ਵਿਚ ਤੋੜੇ ਪਿਆਰ ਹੇ ਪਾਰਥ
ਅੱਤ ਮਿਲਾਪ ਨਾ ਕਦੇ ਵਧਾਵੇ
ਜਗ ਥੋਂ ਉਦਾਸੀਨ ਹੋ ਜਾਵੇ
ਇਸ਼ਟ ਮਿਲੇ ਤਾਂ ਸੁਖ ਨਾ ਜਾਣੇ
ਨਾਂ ਲੱਭੇ ਤਾਂ ਦੁਖ ਨਾ ਮਾਣੇ
ਚੰਗਾ ਮੰਦਾ ਸਭ ਕੁਝ ਸਹਿੰਦਾ
ਸਦਾ ਹੀ ਜੋ ਨਰ ਸਮ ਚਿਤ ਰਹਿੰਦਾ।

10

ਏਕ ਭਾਵ ਨਾਲ ਧਿਆਣਾ ਮੈਨੂੰ
ਧਿਆਨ ਯੋਗ ਨਾਲ ਪਾਣਾ ਮੈਨੂੰ
ਸ਼ਰਧਾ ਭਗਤੀ ਪ੍ਰੇਮ ਵਧਾਣਾ
ਸਵਾਰਥ ਤੇ ਅਭਿਮਾਨ ਭੁਲਾਣਾ
ਜਗ ਝੰਝਟ ਤੋਂ ਵੱਖਰੇ ਬਹਿਣਾ
ਵਿਸ਼ੈ ਵਾਸਨਾ ਪਾਸ ਨਾ ਰਹਿਣਾ।

11

ਆਤਮ ਗਿਆਨ ਵਿਖੇ ਸਥਿਤ ਹੋਣਾ
ਬ੍ਰਹਮ ਨੂੰ ਪਾ ਚਿਤ ਮੈਲ ਨੂੰ ਧੋਣਾ
ਇਹ ਸਭ ਸਮਝ ਗਿਆਨ ਤੂੰ ਅਰਜੁਨ
ਇਸਦਾ ਤੱਤ ਪਛਾਣ ਤੂੰ ਅਰਜੁਨ
ਜੋ ਇਸ ਥੋਂ ਵਿਪਰੀਤ ਕਹਾਵੇ
ਸੋ ਸਭ ਹੀ ਅਗਿਆਨ ਸਦਾਵੇ।

12

ਜਾਨਣ ਯੋਗ ਤੱਤ ਸਮਝਾਵਾਂ
ਈਸ਼ਵਰ ਦਾ ਵਿਸਤਾਰ ਸੁਣਾਵਾਂ
ਜਿਸ ਨੂੰ ਜਾਣ ਅਮਰ ਪਦ ਪਾਵੇਂ
ਪ੍ਰਭੂ ਪ੍ਰੇਮ ਵਿਚ ਮਗਨ ਹੋ ਜਾਵੇਂ
ਪਰਮ ਬ੍ਰਹਮ ਦਾ ਆਦਿ ਨਾ ਅੰਤ
ਸਤਿ ਅਸਤਿ ਥੋਂ ਪਰੇ ਭਗਵੰਤ।

13

ਸਭ ਥਾਂ ਹੱਥ ਪੈਰ ਉਸ ਪ੍ਰਭੂ ਦੇ
ਘਟ ਘਟ ਅੱਖ, ਸਿਰ, ਮੁੱਖ, ਕੰਨ ਲਭਦੇ
ਸਭ ਕੁਝ ਵੇਖੇ ਸੁਣੇ ਪਛਾਣੇ
ਸਰਵ ਗਿਆਤਾ ਸਭ ਕੁਝ ਜਾਣੇ
ਘਟ ਘਟ ਵਿਚ ਉਹ ਬ੍ਰਹਮ ਵਿਆਪੇ
ਸਰਵ ਜਗਤ ਵਿਚ ਸਥਿਤ ਉਹ ਆਪੇ।

14

ਉਸ ਦੀਆਂ ਕੋਈ ਇੰਦਰੀਆਂ ਨਾਹੀਂ
ਪਰ ਉਹ ਰਮ ਰਿਹਾ ਸਭ ਜਗ ਮਾਹੀਂ
ਇਹ ਸਭ ਜਗਤ ਜਹਾਨ ਹੈ ਉਸਦਾ
ਇੰਦਰੀਆਂ ਵਿਚ ਗਿਆਨ ਹੈ ਉਸਦਾ
ਸਭ ਥੋਂ ਵੱਖਰਾ ਬ੍ਰਹਮ ਕਹਾਵੇ
ਤਦ ਹੀ ਸਭ ਵਿਚ ਆਪ ਸਮਾਵੇ
ਹੈ ਉਹ ਨਿਰਗੁਣ ਪਰ ਇਓਂ ਜਾਪੇ
ਸਭ ਗੁਣ ਭੋਗ ਰਿਹਾ ਉਹ ਆਪੇ।

15

ਸਭ ਦੇ ਅੰਦਰ ਬਾਹਰ ਵਿਆਪੇ
ਕਦੇ ਅਚਲ ਕਦੇ ਚਲਦਾ ਆਪੇ
ਅਤਿ ਸੂਕਸ਼ਮ ਜਾਨਿਆਂ ਨਾ ਜਾਵੇ
ਪਰ ਉਹ ਘਟ ਘਟ ਵਿਚ ਸਮਾਵੇ
ਨੇੜੇ ਆਪੇ ਦੂਰ ਵੀ ਆਪੇ।





ਘਟ ਘਟ ਵਿਚ ਭਰਪੂਰ ਵੀ ਆਪੇ।

16

ਏਕੋ ਬ੍ਰਹਮ ਹੈ ਅੱਡ ਅੱਡ ਨਾਹੀਂ
ਵੱਖ ਵੱਖ ਜਾਪੇ ਪਰ ਜਗ ਮਾਹੀਂ
ਆਪੇ ਉਹ ਸ੍ਰਿਸ਼ਟ ਉਪਜਾਵੇ
ਆਪੇ ਵਿਸ਼ਨੂ ਜਗਤ ਚਲਾਵੇ
ਆਪੇ ਬਣ ਜਾਵੇ ਸ਼ਿਵ ਸੰਕਰ
ਪਰਲੈ ਉਤਪੰਨ ਕਰੇ ਭਿਅੰਕਰ।

17

ਜੋ ਸਭ ਸੂਰਜ ਆਦਿ ਪਦਾਰਥ
ਸਭ ਵਿਚ ਬ੍ਰਹਮ ਦਾ ਚਾਨਣ ਪਾਰਥ
ਤਮ ਗੁਣ ਥੋਂ ਉਹ ਦੂਰ ਰਹੇ ਬ੍ਰਹਮ
ਹਿਰਦਿਆਂ ਵਿਚ ਭਰ ਪੂਰ ਰਹੇ ਬ੍ਰਹਮ
ਗਿਆਨ ਰੂਪ ਜਗ ਮਾਹੀਂ ਸਮਾਵੇ

ਗਿਆਨ ਬਿਨਾਂ ਪਾਇਆ ਨਾ ਜਾਵੇ।

*18*

ਖੇਤ ਤੇ ਗਿਆਨ ਦਾ ਤੱਤ ਸਮਝਾਇਆ
ਜਾਨਣ ਯੋਗ ਬ੍ਰਹਮ ਦਰਸ਼ਾਇਆ
ਭਗਤ ਮੇਰਾ ਜਦ ਇਹ ਤੱਤ ਜਾਣੇ
ਤਦ ਉਹ ਮੇਰਾ ਰੂਪ ਪਛਾਣੇ।

*19*

ਪ੍ਰਕ੍ਰਿਤੀ ਪੁਰਸ਼ ਅਨਾਦੀ ਜਾਣੀ
ਨਿਰਵਿਕਾਰ ਸੋ ਬ੍ਰਹਮ ਪਛਾਣੀ
ਗੁਣ ਵਿਕਾਰ ਜੋ ਜਗ ਵਿਚ ਅਰਜੁਨ
ਪ੍ਰਕ੍ਰਿਤੀ ਥੋਂ ਸਾਰੇ ਉਪਜਨ।

*20*

ਇੰਦਰੀਆਂ ਅਤੇ ਸ਼ਰੀਰ ਜੋ ਅਰਜੁਨ
ਪ੍ਰਕ੍ਰਿਤੀ ਜਾਨ ਤੂੰ ਸਭ ਦਾ ਕਾਰਣ
ਪਰ ਸ਼ਰੀਰ ਜੋ ਸੁਖ ਦੁਖ ਪਾਵੇ
ਇਹ ਸਭ ਗੱਲਾਂ ਪੁਰਸ਼ ਕਰਾਵੇ।

*21*

ਪ੍ਰਕ੍ਰਿਤੀ ਵਿਚ ਜਦ ਪੁਰਸ਼ ਸਮਾਂਦਾ
ਤਦ ਦੁਨੀਆਂ ਦੇ ਸੁਖ ਦੁਖ ਪਾਂਦਾ
ਸੁਖ ਦੁਖ ਗੁਣ ਵਿਚ ਜਦ ਫਸ ਜਾਵੇ
ਤਦ ਇਹ ਜਨਮ ਮਰਨ ਵਿਚ ਆਵੇ।

*22*

ਆਪੇ ਕਰਨ ਕਰਾਵਣ ਹਾਰਾ
ਵੇਖਣ ਅਤੇ ਵਿਖਾਵਣ ਹਾਰਾ
ਪਾਲਣ ਆਪ ਕਰੇ ਪਰਮੇਸ਼ਵਰ
ਪਰਮ ਆਤਮਾ ਪਰਮ ਮਹੇਸ਼ਵਰ
ਆਪੇ ਵੰਡੇ ਆਪੇ ਖਾਵੇ
ਆਪੇ ਵਿਚ ਸ਼ਰੀਰ ਸਮਾਵੇ।

*23*

ਜੋ ਕੋਈ ਪੁਰਸ਼ ਬ੍ਰਹਮ ਨੂੰ ਜਾਣੇ

ਪ੍ਰਕ੍ਰਿਤੀ ਨੂੰ ਸਤਿ ਗੁਣ ਮਾਣੇ
ਭਾਵੇਂ ਉਹ ਰਹੇ ਕਰਮ ਕਮਾਂਦਾ
ਜਨਮ ਮਰਨ ਵਿਚ ਪਰ ਨਹੀਂ ਆਂਦਾ।

24

ਕਈ ਅੰਦਰ ਵੱਲ ਧਿਆਨ ਲਗਾਂਦੇ
ਆਪਣੇ ਅੰਦਰ ਬ੍ਰਹਮ ਨੂੰ ਪਾਂਦੇ
ਕਈ ਵਿਵੇਕ ਵਿਚਾਰ ਕਰੇਂਦੇ
ਸਾਂਖ ਦੇ ਮਾਰਗ ਕਦਮ ਧਰੇਂਦੇ
ਕਰਮ ਯੋਗ ਨੂੰ ਕਈ ਅਪਨਾਵਣ
ਯੋਗ ਕੀਤਿਆਂ ਬ੍ਰਹਮ ਨੂੰ ਪਾਵਣ।

25

ਐਸੇ ਕਈ ਲੋਕ ਜਗ ਮਾਹੀਂ
ਆਤਮ ਗਿਆਨ ਜੋ ਜਾਨਣ ਨਾਹੀਂ
ਗੁਰਮੁਖ ਥੋਂ ਸਭ ਗੱਲ ਸੁਣ ਲੈਂਦੇ
ਭਗਤੀ ਮਾਰਗ ਤੇ ਟੁਰ ਪੈਂਦੇ
ਤਦ ਉਹ ਬ੍ਰਹਮ ਉਪਾਸਨਾ ਕਰਦੇ
ਭਗਤੀ ਭਜਨ ਕੀਤਿਆਂ ਤਰਦੇ
ਮੌਤ ਨਦੀ ਥੋਂ ਪਾਰ ਹੋ ਜਾਂਦੇ
ਸਿਮਰਨ ਕਰ ਕਰ ਬ੍ਰਹਮ ਨੂੰ ਪਾਂਦੇ।

26

ਪਾਰਥ ਇਹ ਗੱਲ ਸਤਿ ਤੂੰ ਜਾਣੀ
ਸਥਾਵਰ ਜੰਗਮ ਆਦਿ ਪ੍ਰਾਣੀ
ਬਿਨ ਸੇਤ੍ਰ ਸੇਤ੍ਰਗਯ ਹੇ ਅਰਜੁਨ
ਬਿਨ ਸੰਜੋਗ ਕਦੇ ਨਾ ਉਪਜਨ।

27

ਇਕ ਸਮ ਸਭ ਥਾਂ ਜਾਪ ਰਿਹਾ ਏ
ਸਭ ਚੀਜ਼ਾਂ ਵਿਚ ਵਿਆਪ ਰਿਹਾ ਏ
ਨਾਸ਼ਵਾਨ ਵੀ ਜੋ ਸ਼ੈਅ ਜਾਪੇ
ਸਭ ਵਿਚ ਉਹ ਅਵਿਨਾਸ਼ੀ ਵਿਆਪੇ
ਜੋ ਅਵਿਨਾਸ਼ੀ ਨੂੰ ਇਉਂ ਜਾਣੇ

ਸੋਈ ਬ੍ਰਹਮ ਦਾ ਤੱਤ ਪਛਾਣੇ।

28

ਘਟ ਘਟ ਵਿਚ ਜੋ ਬ੍ਰਹਮ ਚਿਤਾਰੇ
ਆਪਣੇ ਆਪ ਨੂੰ ਕੀਕਣ ਮਾਰੇ
ਜੋ ਇਉਂ ਬ੍ਰਹਮ ਤੱਤ ਨੂੰ ਪਾਵੇ
ਉਸਦੀ ਪਰਮ ਗਤੀ ਹੋ ਜਾਵੇ।

29

ਮਾਇਆ ਵਿਖੇ ਜਦੋਂ ਜੁੜ ਜਾਂਦਾ
ਤਦੋਂ ਪੁਰਸ਼ ਹੈ ਕਰਮ ਕਮਾਂਦਾ
ਆਤਮਾ ਦਾ ਜੋ ਤੱਤ ਪਛਾਣੇ
ਆਤਮਾ ਨੂੰ ਕਰਤਾ ਨਾ ਜਾਣੇ
ਸੋ ਨਰ ਕਰਮ ਤੱਤ ਨੂੰ ਪਾਵੇ
ਸੋ ਪ੍ਰਾਣੀ ਗਿਆਨੀ ਸਦਵਾਵੇ।

30

ਜਦ ਤੂੰ ਬ੍ਰਹਮ ਦਾ ਤੱਤ ਪਛਾਣੇ
ਸਭ ਜਗ ਬ੍ਰਹਮ ਵਿਚ ਸਥਿਤ ਤੂੰ ਜਾਣੇ
ਏਕੋ ਏਕ ਹੈ ਬ੍ਰਹਮ ਪਿਆਰਾ
ਉਸ ਇਕ ਥੋਂ ਸਭ ਜਗ ਵਿਸਤਾਰਾ
ਏਸ ਤੱਤ ਨੂੰ ਜਦ ਤੂੰ ਪਾਵੇਂ
ਤਦ ਤੂੰ ਬ੍ਰਹਮ ਰੂਪ ਹੋ ਜਾਵੇਂ।

31

ਬ੍ਰਹਮ ਅਨਾਦੀ ਸੋ ਅਵਿਨਾਸ਼ੀ
ਬ੍ਰਹਮ ਹੈ ਨਿਰਗੁਣ ਘਟ ਘਟ ਵਾਸੀ
ਬ੍ਰਹਮ ਵਿਸ਼ੇ ਸ਼ਰੀਰ ਜਦ ਆਵੇ
ਨਾਹੀਂ ਫਸੇ ਨਾ ਕਰਮ ਕਮਾਵੇ।

32

ਜਿਵੇਂ ਆਕਾਸ਼ ਹੈ ਹਰ ਥਾਂ ਵੱਸਦਾ
ਅਤਿ ਸੂਕਸ਼ਮ ਪਰ ਕਿਤੇ ਨਾ ਫਸਦਾ
ਤਿਵੇਂ ਅਤਿ ਸੂਕਸ਼ਮ ਬ੍ਰਹਮ ਪਿਆਰਾ
ਦੇਹ ਕਰਮਾਂ ਥੋਂ ਰਹੇ ਨਿਆਰਾ।

33

ਪਾਰਥ ਜਿਵੇਂ ਇਕ ਸੂਰਜ ਚੜ੍ਹਦਾ
ਸਾਰੇ ਜਗ ਵਿਚ ਚਾਨਣ ਕਰਦਾ
ਆਤਮਾ ਤਿਵੇਂ ਜਗ ਮਾਹੀਂ ਸਮਾਵੇ
ਸਾਰਾ ਦੇਹ ਸ਼ੇਤ੍ਰ ਚਮਕਾਵੇ।



34

ਜੋ ਦੇਹ ਜੀਵ ਦਾ ਤੱਤ ਪਛਾਣੇ
ਸ਼ੇਤ੍ਰ ਅਤੇ ਸ਼ੇਤ੍ਰ ਨੂੰ ਜਾਣੇ
ਨਾਲੇ ਜੋ ਇਸ ਮਰਮ ਨੂੰ ਪਾਵਣ
ਪ੍ਰਾਣੀ ਕਿਵੇਂ ਮੁਕਤ ਹੋ ਜਾਵਣ
ਬ੍ਰਹਮ ਗਿਆਨੀ ਸੋ ਸਦਵਾਂਦੇ
ਪਾਰ ਬ੍ਰਹਮ ਨੂੰ ਸੋ ਨਰ ਪਾਂਦੇ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਭਗਤੀ ਯੋਗ ਨਾਮਕ ਤੇਰਵ੍ਹਾਂ ਅਧਿਆਇ ਸਮਾਪਤ ਹੋਇਆ।*

# ਚੌਧਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਗੁਣ ਤੇ ਵਿਭਾਗ ਯੋਗ





**1**

*ਸ਼੍ਰੀ ਭਗਵਾਨ ਉਵਾਚ!*

ਜਿਸ ਨੂੰ ਜਾਣ ਮੁਨਿ ਜਨ ਸਾਰੇ
ਪਾਰਥ ਪੁਹੰਚੇ ਮੋਕਸ਼ ਦਵਾਰੇ
ਸਰਵ ਉੱਤਮ ਜਿਸ ਗਿਆਨ ਨੂੰ ਪਾਵਾਂ
ਸੋ ਸੁਣ ਤੈਨੂੰ ਗਿਆਨ ਸੁਣਾਵਾਂ।

**2**

ਜੋ ਇਸ ਉੱਤਮ ਗਿਆਨ ਨੂੰ ਪਾਵੇ
ਸੋ ਮੇਰੇ ਵਿਚ ਲੀਨ ਹੋ ਜਾਵੇ
ਉਤਪਤਿ ਸਮੇਂ ਉਹ ਜਨਮੇ ਨਾਹੀਂ
ਨਾਸ਼ ਨਾ ਪਾਵੇ ਮੇਰੇ ਮਾਹੀਂ।

**3**

ਬ੍ਰਹਮ ਜੋਤੀ ਹੈ ਪ੍ਰਕਿਰਤੀ ਮਾਇਆ

ਸੋ ਹੈ ਮਹਿਦ ਬ੍ਰਹਮ ਕਹਿਲਾਇਆ
ਉਸ ਵਿਚ ਗਰਭ ਦਾ ਕਾਰਣ ਮੈਂ
ਪਿਤਾ ਰੂਪ ਜਗ ਤਾਰਨ ਮੈਂ।

4

ਮਹਿਦ ਬ੍ਰਹਮ ਵਿਚ ਬੀਜ ਮੈਂ ਪਾਵਾਂ
ਇਸ ਥੋਂ ਸਭ ਸ੍ਰਿਸ਼ਟੀ ਉਪਜਾਵਾਂ
ਇਹ ਸਭ ਜੂਨਾਂ ਸ਼ਕਲਾਂ ਅਰਜੁਨ
ਮਾਇਆ ਮਹਿਦ ਬ੍ਰਹਮ ਥੋਂ ਉਪਜਣ
ਸਭ ਦਾ ਪਿਤਾ ਕਹਾਵਾਂ ਮੈਂ
ਬੀਜ ਰੂਪ ਉਪਜਾਵਾਂ ਮੈਂ।

5

ਸਤਿ ਰਜ, ਤਮ, ਇਹ ਤਿੰਨ ਗੁਣ ਪਾਰਥ
ਮਾਇਆ ਤੋਂ ਉਪਜਣ ਹੇ ਪਾਰਥ
ਆਤਮਾ ਮਾਇਆ ਮੋਹ ਵਿਚ ਆਂਦਾ
ਗੁਣ ਬੰਧਨ ਵਿਚ ਤਦ ਫੱਸ ਜਾਂਦਾ।

6

ਸਤਿਗੁਣ ਅਤਿ ਨਿਰਦੋਸ਼ ਕਹਾਵੇ
ਨਿਰਮਲਤਾ ਪ੍ਰਕਾਸ਼ ਵਧਾਵੇ
ਆਤਮਾ ਨੂੰ ਸੁਖ ਦੁਖ ਗਿਆਨ ਹੈ ਦੇਂਦਾ
ਆਤਮਾ ਨੂੰ ਦੇਹ ਵਿਚ ਲੱਭ ਲੈਂਦਾ।

7

ਰਾਗ ਰੂਪ ਜੋ ਰਜ ਗੁਣ ਅਰਜੁਨ
ਤ੍ਰਿਸ਼ਣਾ ਸੰਗ ਥੋਂ ਹੋਵੇ ਉਤਪਨ
ਕਰਮਾਂ ਵਿਚ ਸੋ ਪਿਆਰ ਵਧਾਵੇ
ਆਤਮਾ ਨੂੰ ਦੇਹ ਵਿਖੇ ਫਸਾਵੇ।

8

ਤਮ ਅਗਿਆਨ ਥੋਂ ਉਤਪਨ ਹੋਂਦਾ
ਤਮ ਗੁਣ ਸਾਰੇ ਜੱਗ ਨੂੰ ਸੋਹੰਦਾ
ਨੀਂਦ ਆਲਸ ਪਰਮਾਦ ਵਧਾਂਦਾ
ਆਤਮਾ ਨੂੰ ਦੇਹ ਵਿਖੇ ਫਸਾਂਦਾ।

9

ਪਾਰਥ ਸਤਿਗੁਣ ਸੁਖ ਨੂੰ ਵਧਾਵੇ
ਰਜ ਗੁਣ ਸਾਰੇ ਕਰਮ ਕਮਾਵੇ
ਤਮ ਗੁਣ ਗਿਆਨ ਤੇ ਪਰਦਾ ਪਾਂਦਾ
ਵਿਸ਼ੈ ਵਾਸਨਾ ਵੱਲ ਲੈ ਜਾਂਦਾ।

10

ਸਤਿ ਗੁਣ ਤਦ ਪ੍ਰਧਾਨ ਕਹਾਵੇ
ਰਜ ਤੇ ਮੱਤ ਨੂੰ ਜਦ ਜਿੱਤ ਜਾਵੇ
ਰਜ ਗੁਣ ਤਦ ਜ਼ੋਰਾਂ ਵਿਚ ਆਂਦਾ
ਸਤਿ ਤੇ ਤਮ ਹੈ ਜਦ ਲੁੱਕ ਜਾਂਦਾ
ਸਤਿ ਤੇ ਰਜ ਨੂੰ ਜਿੱਤਿਆਂ ਅਰਜੁਨ
ਤਮ ਗੁਣ ਭਾਵ ਹੋ ਜਾਵੇ ਉਤਪਨ।

11

ਇੰਦਰੀਆਂ ਵਿਚ ਗਿਆਨ ਸਮਾਵੇ
ਸਤਿਗੁਣ ਦਾ ਤਦ ਵਾਧਾ ਹੋਵੇ
ਦੇਹ ਦੇ ਦਵਾਰ ਜਦੋਂ ਖੁੱਲ੍ਹ ਜਾਵਣ
ਗਿਆਨ ਰੂਪ ਚਾਨਣ ਜਦ ਪਾਵਣ।

12

ਲੋਭ ਰਾਗ ਕਰਮਾਂ ਨੂੰ ਛੋਹਣਾ
ਸਬਰ ਸ਼ਾਂਤੀ ਦਾ ਨਾ ਹੋਣਾ
ਆਤਮਾ ਇਹ ਹਾਲਤ ਤਦ ਪਾਵੇ
ਰਜ ਗੁਣ ਜਦੋਂ ਜ਼ੋਰ ਵਿਚ ਆਵੇ।

13

ਮੋਹ ਆਗਿਆਨ ਉਲਟ ਮਤ ਕਰਨਾ
ਕਰਮ ਕਰਨ ਵਿਚ ਚਿਤ ਨਾ ਧਰਨਾ
ਅਰਜੁਨ ਇਹ ਸੁਭਾਵ ਤਦ ਆਂਦਾ
ਦੇਹ ਵਿਚ ਤਮ ਗੁਣ ਜਦ ਵੱਧ ਜਾਂਦਾ।

14

ਸਤਿ ਗੁਣ ਜਦ ਜ਼ੋਰਾਂ ਵਿਚ ਆਵੇ
ਜੇ ਪ੍ਰਾਣੀ ਤਦ ਜਾਨ ਗਵਾਵੇ

ਉੱਤਮ ਲੋਕਾਂ ਵਿਚ ਤਦ ਜਾਂਦਾ
ਪੂਰਨ ਸੁਖ ਤੇ ਸ਼ਾਂਤੀ ਪਾਂਦਾ।

**15**

ਰਜ ਗੁਣ ਵਾਲੇ ਜਦ ਮਰ ਜਾਵਣ
ਕਰਮ ਯੋਨੀਆਂ ਵਿਚ ਮੁੜ ਆਵਣ
ਤਮੋ ਗੁਣੀ ਜਦ ਦੇਹ ਛੱਡੇਂ ਦੇ
ਮਰ ਕੇ ਪਸ਼ੂ ਪਸ਼ਾਚ ਉਹ ਥੇਂਦੇ।

**16**

ਪੁੰਨ ਕਰਮ ਜਦ ਕੋਈ ਕਮਾਂਦਾ
ਸਾਤਵਿਕ ਨਿਰਮਲ ਫਲ ਹੈ ਪਾਂਦਾ
ਰਜ ਗੁਣ ਥੋਂ ਸਾਰੇ ਦੁੱਖ ਉਪਜਣ
ਤਮ ਗੁਣ ਹੈ ਅਗਿਆਨ ਦਾ ਕਾਰਣ।

**17**

ਸਤਿ ਗੁਣ ਭਾਵ ਹੈ ਗਿਆਨ ਵਧਾਵੇ
ਰਜ ਗੁਣ ਭਾਵ ਲੋਭ ਉਪਜਾਵੇ
ਜੋ ਹੈ ਤਮ ਗੁਣ ਭਾਵ ਹੇ ਅਰਜੁਨ
ਮੋਹ ਅਨਮਿਤ ਅਗਿਆਨ ਦਾ ਕਾਰਣ।

**18**

ਸਤਿ ਗੁਣੀ ਦੇਵ ਜੂਨ ਵਿਚ ਜਾਂਦੇ
ਰਜ ਗੁਣੀ ਮਾਨੁਸ਼ੀ ਦੇਹ ਨੂੰ ਪਾਂਦੇ
ਤਮ ਗੁਣ ਵਾਲੇ ਜਦ ਮਰ ਜਾਵਣ
ਪਸ਼ੂ ਪਸ਼ਾਚਾਂ ਦੀ ਦੇਹ ਪਾਵਣ।

**19**

ਜੀਵ ਜਦੋਂ ਇਸ ਤੱਤ ਨੂੰ ਪਾਵੇ
ਤਿੰਨਾਂ ਗੁਣਾਂ ਤੋਂ ਪਾਰ ਹੋ ਜਾਵੇ
ਮੈਂ ਕੁਝ ਨਹੀਂ ਕਰਦਾਂ ਇਹ ਜਾਣੇ
ਤਦ ਉਹ ਮੇਰਾ ਰੂਪ ਪਛਾਣੇ।

**20**

ਤਿੰਨ ਗੁਣ ਜਦੋਂ ਉਲੰਘੇ ਜਾਵਣ
ਮੌਤ ਬੁਢਾਪਾ ਤਦ ਨਾ ਸਤਾਵਣ

ਜਨਮ ਮਰਣ ਥੋਂ ਮੁਕਤ ਹੋ ਜਾਵੇ
ਤਦ ਉਹ ਜੀਵ ਅਮਰ ਪਦ ਪਾਵੇ।

21

ਅਰਜੁਨ ਉਵਾਚ

ਸਤਿ ਰਜ ਤਮ ਨੂੰ ਉਲੰਘਣ ਜਿਹੜੇ
ਹੇ ਪ੍ਰਭੂ ਓਹਨਾ ਦੇ ਲੱਛਣ ਕਿਹੜੇ
ਕਿਵੇਂ ਆਚਾਰ ਤਿਨ੍ਹਾਂ ਦਾ ਭਗਵਨ
ਤਿਨ੍ਹਾਂ ਗੁਣਾਂ ਨੂੰ ਕਿਵੇਂ ਉਲੰਘਣ।

22

ਗਿਆਨ, ਕਰਮ, ਮੋਹ ਬੁਰਾ ਨਾ ਜਾਣੇ
ਬ੍ਰਹਮ ਸਥਿਤ ਹੋ ਗੁਣ ਤੱਤ ਪਛਾਣੇ
ਜੋ ਕੋਈ ਵੀ ਗੁਣ ਲੋਪ ਹੋ ਜਾਵੇ
ਤ੍ਰਿਸ਼ਨਾ ਵਿਚ ਨਾ ਚਿਤ ਭਰਮਾਵੇ।

23

ਹਰਸ਼, ਸ਼ੋਕ ਥੋਂ ਦੂਰ ਹੋ ਜਾਵੇ
ਸਤਿ ਰਜ ਤਮ ਵਿਚ ਚਿਤ ਨਾ ਡੋਲਾਵੇ
ਸਤਿ ਰਜ ਤਮ ਗੁਣ ਚਲਦੇ ਜਾਣੇ
ਗੁਣ ਤੇ ਕਰਮ ਦਾ ਤੱਤ ਪਛਾਣੇ
ਤਦ ਉਹ ਪ੍ਰਾਣੀ ਸਥਿਰ ਚਿਤ ਹੋਕੇ
ਮਨ ਦੀ ਚੇਸ਼ਟਾ ਤ੍ਰਿਸ਼ਨਾ ਰੋਕੇ।

24

ਸੁਖ ਦੁੱਖ ਨੂੰ ਜੋ ਇਕ ਸਮ ਜਾਣੇ
ਅਪਣਾ ਸਤਿ ਸਵਰੂਪ ਪਛਾਣੇ
ਸੁਖ ਦੁੱਖ ਦੋਵੇਂ ਇਕ ਸਮ ਜਿਸ ਨੂੰ
ਸਤਿ ਸਵਰੂਪ ਦਾ ਆਨੰਦ ਤਿਸ ਨੂੰ
ਇਕ ਸਮ ਸੋਨਾ, ਪੱਥਰ ਮਾਟੀ
ਜਿਵੇਂ ਪਰਾਇਆ ਤਿਵੇਂ ਹੀ ਨਾਤੀ
ਧੀਰਜ ਤੇ ਸੰਤੋਸ਼ ਨੂੰ ਮਾਣੇ
ਉਸਤਤਿ ਨਿੰਦਿਆਂ ਇਕ ਸਮ ਜਾਣੇ।

25

ਇਕ ਸਮ ਤਿਸ ਨੂੰ ਮਾਨ ਅਪਮਾਨਾ
ਮਿਤ੍ਰ ਤੇ ਸ਼ਤਰੂ ਇਕ ਸਮਾਨਾ
ਜਦ ਉਹ ਕਿਸੇ ਕਰਮ ਨੂੰ ਛੋਹਵੇ
ਉਸਦਾ ਫਲ ਵੱਲ ਧਿਆਨ ਨਾ ਹੋਵੇ
ਗੁਣਾਤੀਤ ਸੋ ਪੁਰਸ਼ ਕਹਾਵੇ
ਸਤਿ ਰਜ ਤਮ ਥੋਂ ਦੂਰ ਹੋ ਜਾਵੇ।

26

ਜੋ ਕੋਈ ਮੇਰੇ ਵਿਚ ਚਿਤ ਧਰਦੇ
ਅਚਲ ਏਕ ਰਸ ਭਗਤੀ ਕਰਦੇ
ਸੋ ਵੀ ਗੁਣਾਤੀਤ ਹੋ ਜਾਂਦੇ
ਮੇਰੇ ਬ੍ਰਹਮ ਰੂਪ ਨੂੰ ਪਾਂਦੇ।

27

ਨਿਰਵਿਕਾਰ ਤੇ ਅਮਰ ਅਵਿਨਾਸ਼ੀ
ਧਰਮ ਰੂਪ ਜੋ ਘਟ ਘਟ ਵਾਸੀ
ਸੁਖ ਸਵਰੂਪ ਜੋ ਬ੍ਰਹਮ ਕਹਾਵੇ
ਨਿਤ ਨਿਰੰਤਰ ਜਗਤ ਚਲਾਵੇ
ਉਸ ਵਿਚ ਵਰੀ ਪ੍ਰਵਾਨ ਹਾਂ ਮੈਂ
ਇਸ ਬ੍ਰਹਮ ਦਾ ਵੀ ਸਥਾਨ ਹਾਂ ਮੈਂ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਗੁਣ ਤੇ ਵਿਭਾਗ ਯੋਗ ਨਾਮਕ ਚੌਧਵਾਂ ਅਧਿਆਇ ਸਮਾਪਤ ਹੋਇਆ।*



# ਪੰਦਰਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਪੁਰਸ਼ੋਤਮ ਯੋਗ



**1**

*ਸ਼੍ਰੀ ਭਗਵਾਨ ਉਵਾਚ!*

ਇਹ ਸੰਸਾਰ ਵ੍ਰਿਕਸ਼ ਦੀ ਨਿਆਈਂ
ਉੱਪਰ ਜੜਾਂ ਪ੍ਰਕਾਸ਼ਾਂ ਤਾਈਂ
ਏਸ ਵ੍ਰਿਕਸ਼ ਦੀਆਂ ਸ਼ਾਖਾਂ ਡਾਲਾਂ
ਫੈਲਣ ਹੇਠਾਂ ਵਿਚ ਪਤਾਲਾਂ
ਉੱਤਮ ਵੇਦ ਗ੍ਰੰਥ ਜੋ ਚਾਰੇ
ਏਸ ਵ੍ਰਿਕਸ਼ ਦੇ ਪੱਤੇ ਸਾਰੇ
ਏਸ ਵ੍ਰਿਕਸ਼ ਦਾ ਤੱਤ ਜੋ ਪਾਵੇ
ਵੇਦ ਗਿਆਨੀ ਸੋ ਸਦਵਾਵੇ।

**2**

ਏਸ ਵ੍ਰਿਕਸ਼ ਦੀਆਂ ਡਾਲੀਆਂ ਅਰਜੁਨ
ਸਤਿ ਰਜ ਤਮ ਗੁਣ ਵਾਲੀਆਂ ਅਰਜੁਨ
ਵਿਸ਼ਯਾਂ ਦੀਆਂ ਨੇ ਕੌਂਪਲਾਂ ਫੁੱਟੀਆਂ
ਜੜਾਂ ਸਾਰੀਆਂ ਫਸੀਆਂ ਜੁੱਟੀਆਂ
ਸਵਰਗੋਂ ਹੇਠ ਪਤਾਲਾਂ ਤਾਈਂ
ਵ੍ਰਿਕਸ਼ ਫੈਲਿਆ ਸਭ ਜੱਗ ਮਾਹੀਂ
ਮਾਨੁਸ਼ ਲੋਕ ਵਿਖੇ ਪਾਰਥ
ਜੜਾਂ ਵ੍ਰਿਕਸ਼ ਦੀਆਂ ਕਰਮ ਨੇ ਪਾਰਥ

ਕਰਮ ਵ੍ਰਿਕਸ਼ ਦੀਆਂ ਜੜਾਂ ਕਹਾਂਦੇ
ਆਪੋ ਵਿਚ ਗੁੰਜਲ ਖਾ ਜਾਂਦੇ।

*3*

ਅੰਤ ਵ੍ਰਿਕਸ਼ ਦਾ ਕਿਸੇ ਨਾ ਪਾਇਆ
ਆਂਪ ਮੂਲ ਵੀ ਸਮਝ ਨਾ ਆਇਆ
ਇਸ ਦਾ ਰੂਪ ਨਾ ਜਾਨਿਆ ਜਾਵੇ
ਅਨੁਭਵ ਵਿਚ ਇਹ ਕਦੇ ਨਾ ਆਵੇ
ਏਸ ਵ੍ਰਿਕਸ਼ ਦਾ ਰੂਪ ਨਿਆਰਾ
ਕੱਟ ਦਿਓ ਮਾਰ ਵੈਰਾਗ ਕੁਲਹਾੜਾ।

*4*

ਤਦ ਉਸ ਪਦ ਦਾ ਮਾਰਗ ਪਾਈਏ
ਜਿਸ ਪਦ ਜਾਕੇ ਮੁੜ ਨਾ ਆਈਏ
ਆਦਿ ਬ੍ਰਹਮ ਨੂੰ ਸੀਸ ਨਿਵਾਵਾਂ
ਮਹਾ ਪ੍ਰਭੂ ਦੀ ਸ਼ਰਨੀ ਆਵਾਂ
ਜਿਸ ਮੁੱਢੋਂ ਜੱਗ ਲੈ ਚਲਾਈ
ਜਗ ਪਰਿਵਰਤਨ ਰਸਮ ਬਣਾਈ

ਇਹ ਗੱਲ ਕਹਿਕੇ ਸੀਸ ਨਿਵਾਈਏ
ਏਸ ਭਾਵ ਨਾਲ ਢੂੰਢਣ ਜਾਈਏ।

*5*

ਜੋ ਮੋਹ ਤੇ ਅਭਿਮਾਨ ਗਵਾਂਦੇ
ਵਿਸ਼ਿਆਂ ਵਿਚ ਜੋ ਚਿਤ ਨਾ ਲਾਂਦੇ
ਉੱਤਮ ਗਿਆਨ ਵਿਖੇ ਰਮ ਰਹਿੰਦੇ
ਕਾਮਨਾ ਨੂੰ ਜੋ ਵੱਸ ਕਰ ਲੈਂਦੇ
ਸੁਖ ਦੁੱਖ ਦਵੰਦਾਂ ਤੋਂ ਛੁੱਟ ਜਾਂਦੇ
ਤਦ ਉਹ ਪਾਰ ਬ੍ਰਹਮ ਨੂੰ ਪਾਂਦੇ।

*6*

ਉਹ ਤਾਂ ਐਸਾ ਧਾਮ ਹੇ ਪਾਰਥ
ਸੂਰਜ ਚੰਨ ਅਗਨਿ ਹੇ ਪਾਰਥ
ਉਸ ਪਦ ਨੂੰ ਚਮਕਾ ਨਹੀਂ ਸਕਦੇ
ਉਸਦਾ ਤੇਜ ਵਿਖਾ ਨਹੀਂ ਸਕਦੇ
ਉਸ ਥਾਂ ਪਰਮ ਧਾਮ ਹੈ ਮੇਰਾ

ਉਸ ਪਦ ਵਿਚ ਜੋ ਕਰੇ ਬਸੇਰਾ
ਮ੍ਰਿਤਯੂ ਲੋਕ ਨੂੰ ਆਂਦਾ ਨਾਹੀਂ
ਜਨਮ ਮਰਣ ਦੁੱਖ ਪਾਂਦਾ ਨਾਹੀਂ।

7

ਦੇਹ ਵਿਚ ਆਤਮਾ ਕਰੇ ਬਸੇਰਾ
ਜੀਵ ਰੂਪ ਜੋ ਅੰਸ਼ ਹੈ ਮੇਰਾ
ਮਾਨੁਸ਼ ਲੋਕ ਵਿਖੇ ਹੇ ਅਰਜੁਨ
ਜੀਵ ਰੂਪ ਹੈ ਅੰਸ਼ ਸਨਾਤਨ
ਇੰਦਰੀਆਂ ਤੇ ਮਨ ਵਿਚ ਪਾਰਥ
ਮੇਰਾ ਜੋ ਹੈ ਅੰਸ਼ ਹੇ ਪਾਰਥ
ਮਾਇਆ ਵਿਚ ਸੋ ਅੰਸ਼ ਵਿਚਰਦਾ
ਇੰਦਰੀਆਂ ਨੂੰ ਆਕਰਸ਼ਣ ਕਰਦਾ।

8

ਵਾਯੂ ਜਿਉਂ ਫੁੱਲਾਂ ਨੂੰ ਹਲਾਵੇ
ਦੂਰ ਦੂਰ ਖੁਸ਼ਬੋਈ ਜਾਵੇ
ਤਿਵੇਂ ਜੀਵ ਜਦ ਦੇਹ ਛੱਡ ਜਾਂਦਾ
ਇਹ ਦੇਹ ਛੱਡ ਨਵੀਂ ਦੇਹ ਪਾਂਦਾ
ਮਨ ਇੰਦਰੇ ਚਿਤ ਦੀ ਖੁਸ਼ਬੋਈ
ਨਵੇਂ ਸ਼ਰੀਰ ਦੀ ਵਾਸਨਾ ਹੋਈ।

9

ਜੀਵ ਅੰਧਕਾਰ ਰੱਖੇ ਇਸ ਮਨ ਤੇ
ਅੱਖ ਨੱਕ ਜੀਭ ਤ੍ਵਚਾ ਤੇ ਕੰਨ ਤੇ
ਸਭ ਦਾ ਮਾਲਕ ਬਣ ਕੇ ਬਹਿੰਦਾ
ਵਿਸ਼ਿਆ ਦਾ ਤਦ ਆਨੰਦ ਲੈਂਦਾ।

10

ਦੇਹ ਵਿਚ ਜਦ ਇਹ ਵਾਸ ਕਰੇਂਦਾ
ਯਾਂ ਜਦ ਇਹ ਦੇਹ ਨੂੰ ਛੱਡ ਦੇਂਦਾਂ
ਸ਼ਬਦ ਆਵਕ ਵਿਸ਼ਿਆਂ ਨਾਲ ਛੁਹੰਦਾ
ਸੁਖ ਦੁੱਖ ਉਸ ਤੋਂ ਉਤਪਨ ਹੋਂਦਾ
ਫੇਰ ਵੀ ਮੂਰਖ ਰੂਪ ਨਾ ਜਾਨਣ
ਕੇਵਲ ਗਿਆਨੀ ਤੱਤ ਪਛਾਨਣ।

11

ਯੋਗੀ ਪੁਰਸ਼ ਸਮਾਧੀ ਲਾਂਦੇ
ਆਤਮਾ ਦਾ ਉਹ ਦਰਸ਼ਨ ਪਾਂਦੇ
ਮੂਰਖ ਲੋਕ ਯਤਨ ਕਰ ਥੱਕਦੇ
ਜੀਵ ਰੂਪ ਪਰ ਵੇਖ ਨਾ ਸਕਦੇ।

12

ਸੂਰਜ ਜੋ ਕੁਝ ਤੇਜ ਦਿਖਾਵੇ
ਸਭ ਜੱਗ ਨੂੰ ਪ੍ਰਕਾਸ਼ ਪਹੁੰਚਾਵੇ
ਚੰਨ, ਅਗਨਿ ਵਿਚ ਤੇਜ ਘਨੇਰਾ
ਹੇ ਅਰਜੁਨ ਉਹ ਸਭ ਹੈ ਮੇਰਾ।

13

ਪਾਰਥ ਪ੍ਰਿਥਵੀ ਵਿਖੇ ਮੈਂ ਆਕੇ
ਆਪਣਾ ਬਲ ਸਮਰੱਥ ਵਖਾ ਕੇ
ਸਭ ਜੱਗ ਕੀਤਾ ਧਾਰਨ ਮੈਂ
ਜੱਗ ਪੋਸ਼ਣ ਦਾ ਕਾਰਣ ਮੈਂ
ਚੰਦ੍ਰਮਾਂ ਬਣ ਕੇ ਰਸ ਬਰਸਾਵਾਂ
ਫਲ ਸਬਜ਼ੀ ਵਿਚ ਰਸ ਮੈਂ ਪਾਵਾਂ।

14

ਸਭ ਦੇ ਅੰਦਰਾਂ ਵਿਚ ਮੈਂ ਸਮਾਵਾਂ
ਪ੍ਰਾਣ ਅਪਾਨ ਵਾਯੂ ਬਣ ਜਾਵਾਂ
ਚਾਰ ਅੰਨ ਪਚਾਵਾਂ ਮੈਂ
ਜਠਾਗਿਨ ਬਣ ਜਾਵਾਂ ਮੈਂ।

15

ਸਭ ਹਿਰਦਿਆਂ ਵਿਚ ਮੈਂ ਰਸ ਜਾਵਾਂ
ਸਮ੍ਰਿਤੀ ਅਤੇ ਗਿਆਨ ਰਚਾਵਾਂ
ਦੋਹਾਂ ਦੇ ਲੋਪ ਦਾ ਕਾਰਣ ਮੈਂ
ਚਵਾਂ ਵੇਦਾਂ ਦਾ ਉਚਾਰਣ ਮੈਂ
ਵੇਦ ਦਾ ਰਚਤਾ ਗਿਆਤਾ ਮੈਂ
ਘਟ ਘਟ ਬੀਜ ਸਮਾਤਾ ਮੈਂ
ਰੱਬ ਥੋਂ ਉੱਤਮ ਜਾਨਣਾ ਮੇਰਾ
ਅਸਲ ਰੂਪ ਪਛਾਨਣਾ ਮੇਰਾ।

**16**

ਦੋ ਹੀ ਪੁਰਸ਼ ਪਦਾਰਥ ਜਾਣੀ
ਸ਼ਰ, ਅਕਸ਼ਰ ਦਾ ਤੱਤ ਪਛਾਣੀ
ਭੂਤ ਪ੍ਰਾਣੀ ਸ਼ਰ ਕਹਿਲਾਵੇ
ਆਤਮਾ ਨੂੰ ਅਕਸ਼ਰ ਕਹਿਆ ਜਾਵੇ।

**17**

ਦੋਹਾਂ ਤੋਂ ਉੱਤਮ ਹੇ ਪਾਰਥ
ਹੈ ਪਰਮਾਤਮਾ ਜਾਣ ਤੂੰ ਪਾਰਥ
ਉਹ ਹੈ ਅਵਿਨਾਸ਼ੀ ਦੁੱਖ ਹਰਤਾ
ਤੀਨ ਲੋਕ ਦਾ ਪਾਲਨ ਕਰਤਾ।

**18**

ਸ਼ਰ ਅਕਸ਼ਰ ਤੋਂ ਉੱਚ ਸਦਾਵਾਂ
ਤਾਹੀਓਂ ਪੁਰਸ਼ੋਤਮ ਕਹਿਆ ਜਾਵਾਂ
ਚਾਰੇ ਵੇਦ ਧਿਆਵਣ ਮੈਨੂੰ
ਪੁਰਸ਼ੋਤਮ ਕਹਿ ਬੁਲਾਵਣ ਮੈਨੂੰ।

**19**

ਜੋ ਗਿਆਨੀ ਮੈਨੂੰ ਐਸਾ ਜਾਣੇ
ਪੁਰਸ਼ੋਤਮ ਦਾ ਤੱਤ ਪਛਾਣੇ
ਜਾਣੋ ਸਭ ਕੁਝ ਜਾਣਿਆ ਉਸਨੇ
ਸ਼ੁੱਧ ਭਾਵ ਨਾਲ ਮਾਣਿਆ ਜਿਸਨੇ।

**20**

ਜੋ ਅੱਤ ਗੂੜ੍ਹਾ ਸ਼ਾਸਤਰ ਅਰਜੁਨ
ਤੇਰੇ ਸਨਮੁਖ ਕੀਤਾ ਵਰਨਣ
ਜਾਣਿਆਂ ਬੁੱਧੀਮਾਨ ਹੋ ਜਾਵੇਂ
ਕਰਨ ਯੋਗ ਸਭ ਕਰਮ ਕਮਾਵੇਂ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ*
*ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ*
*ਸੰਵਾਦ ਦਾ ਪੁਰਸ਼ੋਤਮ ਯੋਗ ਨਾਮਕ*
*ਪੰਦਰਵਾਂ ਅਧਿਆਇ ਸਮਾਪਤ ਹੋਇਆ।*

# ਸੋਲਵ੍ਹਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਦੇਵਾਸੁਰ ਸੰਪਦ ਵਿਭਾਗ

*1*

*ਸ਼੍ਰੀ ਕ੍ਰਿਸ਼ਣ ਬੋਲੇ*

ਜੋ ਪ੍ਰਾਣੀ ਹੋਵੇ ਨਿਰਭੈਅ
ਜਿਸਦਾ ਚਿਤ ਸਦਾ ਸ਼ੁੱਧ ਹੈ
ਗਿਆਨ ਯੋਗ ਵਿਚ ਆਨੰਦ ਮਾਣੇ
ਸੰਜਮ ਦਾਨ ਦੇ ਮਰਮ ਨੂੰ ਜਾਣੇ
ਵੇਦ ਪੜ੍ਹੇ ਤਪ ਯੱਗ ਰਚਾਵੇ
ਸਤਿ ਸਰਲਤਾ ਭਾਵ ਵਖਾਵੇ।

*2*

ਸਤਿ ਅਹਿੰਸਾ ਦਯਾ ਕਮਾਂਦਾ
ਚੁਗਲੀ ਕ੍ਰੋਧ ਦੇ ਨਿਕਟ ਨਾ ਜਾਂਦਾ
ਲੱਜਿਆ ਸ਼ਾਂਤੀ ਕਰੁਣਾ ਕਰੇ
ਪਰਧਨ ਸਤ੍ਰੀਆਂ ਚਿਤ ਨਾ ਧਰੇ

*3*

ਧੀਰਜ ਸ਼ਮਾਂ ਤੇਜ ਨੂੰ ਪਾਵੇ
ਧਖ ਨਾ ਕਰੇ ਤੇ ਮਾਣ ਨਾ ਭਾਲੇ
ਅੰਦਰ ਬਾਹਰ ਰੱਖੇ ਸਫਾਈ
ਭਲੇ ਪੁਰਸ਼ ਦੀ ਇਹ ਵਡਿਆਈ
ਐਸੇ ਨਰ ਗੁਰਮੁਖ ਕਹਿਲਾਵਣ
ਦੇਵੀ ਸੰਪਦ ਯੁਕਤ ਹੋ ਜਾਵਣ।

*4*

ਅਹੰਕਾਰੀ ਕਰੋਧੀ ਪਾਖੰਡੀ
ਕੌੜਾ ਆਗਿਆਨੀ ਤੇ ਘਮੰਡੀ
ਸੋ ਸਭ ਅਸੁਰ ਸੰਪਦਾ ਵਾਲੇ
ਮਨ ਮੁੱਖ ਫੜਨ ਅਪੁੱਠੜੇ ਚਾਲੇ।

*5*

ਦੈਵੀ ਸੰਪਦਾ ਮੋਕਸ਼ ਦਿਲਾਵੇ

ਅਸੁਰੀ ਬੰਧਨ ਵੱਲ ਲੈ ਜਾਵੇ
ਦੈਵੀ ਸੰਪਦ ਜਨਮ ਹੈ ਤੇਰਾ
ਸ਼ੋਕ ਕਰਨ ਦਾ ਥਾਂ ਹੈ ਕਿਹੜਾ।

*6*

ਜਗ ਵਿਚ ਮਾਨੁਸ਼ ਦੋ ਕਿਸਮਾਂ ਦੇ
ਇਕ ਦੇਵਤੇ ਇਕ ਅਸੁਰ ਕਹਾਂਦੇ
ਸੁਣੇ ਤੂੰ ਸਭ ਦੈਵੀ ਗੁਣ ਅਰਜੁਨ
ਹੁਣ ਸਭ ਗੁਣ ਅਸੁਰੀ ਸੁਣ ਅਰਜੁਨ।

*7*

ਅਸੁਰ ਸੰਪਦਾ ਵਾਲੇ ਅਰਜੁਨ
ਭਲੇ ਬੁਰੇ ਦੀ ਸਾਰ ਨਾ ਜਾਨਣ
ਸਾਫ ਨਾ ਹੋਵਣ ਵਿਹਾਰ ਤਿਨ੍ਹਾ ਦੇ
ਮਨ ਸ਼ਰੀਰ ਅਚਾਰ ਤਿਨ੍ਹਾ ਦੇ।

*8*

ਆਖਣ ਇਹ ਜੱਗ ਮਿੱਥਿਆ ਸਾਰਾ
ਈਸ਼ਵਰ ਨਹੀਂ ਏਸ ਜਗ ਦਾ ਸਹਾਰਾ
ਆਖਣ ਜਗ ਵਿਚ ਬ੍ਰਹਮ ਹੀ ਹੈ ਨਹੀਂ
ਕਾਮ ਬਿਨਾਂ ਜਗ ਵਿਚ ਕੋਈ ਸ਼ੈਅ ਨਹੀਂ
ਨਰ ਨਾਰੀ ਦੇ ਮਿਲਿਆਂ ਆਖਣ
ਇਹ ਜਗ ਸਾਰਾ ਹੋਵੇ ਉਤਪੰਨ।

*9*

ਦੁਸ਼ਟ ਬੇਅਕਲ ਤੇ ਸ਼ਤਰੂ ਜਗਦੇ
ਇਹ ਸਭ ਚੰਦਰੇ ਕਰਮੋਂ ਲਗਦੇ
ਅਸੁਰੀ ਮਨ ਵਿਚ ਉਮਰ ਗਵਾਂਦੇ
ਜਗ ਦੇ ਨਾਸ਼ ਹੇਤ ਨੇ ਆਂਦੇ

*10*

ਇੱਛਿਆ ਕਾਮਨਾ ਦੇ ਵਸ ਆਕੇ
ਮੋਹ ਵਿਚ ਅਪਣਾ ਆਪ ਫਸਾਕੇ
ਦਬੀ ਦੁਰਾਚਾਰੀ ਅਭਿਮਾਨੀ
ਉਲਟੀ ਮੱਤ ਵਾਲੇ ਅਗਿਆਨੀ

ਔਖੇ ਕੰਮੀਂ ਹੱਥ ਚਾ ਪਾਵਣ
ਫੇਰ ਪਾਪਾਂ ਵਿਚ ਗਰਕ ਹੋ ਜਾਵਣ।

11

ਸੋ ਨਰ ਬੇਹੱਦ ਚਿੰਤਾ ਕਰਦੇ
ਚਿੰਤਾ ਕਰਦਿਆਂ ਆਖਰ ਮਰਦੇ
ਕਾਮ ਭੋਗ ਵਿਚ ਜਨਮ ਗਵਾਂਦੇ
ਕਾਮ ਹੈ ਜੀਵਨ ਲਕਸ਼ ਸੁਣਾਂਦੇ।

12

ਆਸ਼ਾ ਵਿਚ ਨੇ ਚਿਤ ਭਰਮਾਂਦੇ
ਸੌ ਜਾਲਾਂ ਦੇ ਵਿਚ ਨੇ ਫੱਸ ਜਾਂਦੇ
ਕਾਮੀ ਤੇ ਕ੍ਰੋਧੀ ਹੋ ਜਾਵਣ
ਇੱਛਿਆ ਕਾਮਨਾ ਭੋਗਣਾ ਚਾਹਵਣ
ਪਾਪਾਂ ਦਾ ਤਦ ਮਾਰਗ ਫੜਦੇ
ਧੰਨ ਜੋੜਨ ਦਾ ਯਤਨ ਨਾ ਕਰਦੇ।

13

ਅੱਜ ਇਕ ਕਾਮਨਾ ਪੂਰੀ ਹੋਈ
ਕੱਲ ਹੋਵੇਗੀ ਦੂਜੀ ਕੋਈ
ਅੱਜ ਤਾਂ ਹੋਗਿਆ ਇਹ ਧੰਨ ਮੇਰਾ
ਕੱਲ੍ਹ ਮਿਲ ਜਾਸੀ ਹੋਰ ਬਹੁਤੇਰਾ।

14

ਅੱਜ ਅਪਣਾ ਇਕ ਦੁਸ਼ਮਨ ਮਾਰਾਂ
ਕਲ ਦੂਜੇ ਨੂੰ ਮਾਰ ਲਤਾੜਾਂ
ਮੇਰੇ ਜੇਡ ਸਮਰੱਥ ਹੈ ਕਿਸਦੀ
ਸਭ ਜਗ ਸੰਪਤ ਮੇਰੀ ਦਿਸਦੀ
ਏਸ਼ ਸਿੱਧ ਧੰਨਵਾਨ ਹਾਂ ਮੈਂ
ਭੋਗੀ ਤੇ ਬਲਵਾਨ ਹਾਂ ਮੈਂ।

15

ਧੰਨ ਵਾਲਾ ਤੇ ਕੁਲੀਨ ਹਾਂ ਮੈਂ
ਯਗਦਾਨ ਤੇ ਪ੍ਰਵੀਣ ਹਾਂ ਮੈਂ

ਮੇਰੇ ਜੇਡ ਹੋਰ ਕੋਈ ਨਾਹੀਂ
ਮੈਂ ਭੋਗਾਂ ਸਭ ਆਨੰਦ ਤਾਈਂ
ਮੂੜ੍ਹ ਲੋਕ ਜੱਗ ਵਿਚ ਹੇ ਅਰਜੁਨ
ਏਸ ਤਰ੍ਹਾਂ ਦੇ ਵਚਨ ਉਚਾਰਨ।

16

ਚਿਤ ਜਿਨ੍ਹਾਂ ਦੇ ਇਉਂ ਭਰਮਾਂਦੇ
ਮੋਹ ਜਾਲਾਂ ਦੇ ਵਿਚ ਫੱਸ ਜਾਂਦੇ
ਕਾਮ ਭੋਗ ਵਿਚ ਜਨਮ ਗਵਾਵਣ
ਸੋ ਨਰ ਘੋਰ ਨਰਕ ਵਿਚ ਜਾਵਣ।

17

ਸੋ ਨਰ ਨਿਮਰਤਾ ਨੂੰ ਛੱਡ ਜਾਂਦੇ
ਆਪਣਾ ਆਪ ਸਦਾ ਵਡਿਆਂਦੇ
ਧਨ ਗੁਰੂ ਦਾ ਮਾਨ ਕਰੇਂਦੇ
ਯੱਗ ਕਰਨ ਦਾ ਢੋਂਗ ਰਚੇਂਦੇ
ਸ਼ਾਸਤਰ ਵਿਧੀ ਧਿਆਨ ਨਾ ਧਰਦੇ
ਲੋਕ ਵਖਾਵੇ ਦਾ ਯੱਗ ਕਰਦੇ।

18

ਬਲੀ ਘਮੰਡੀ ਤੇ ਅਹੰਕਾਰੀ
ਕਾਮੀ ਕ੍ਰੋਧੀ ਤੇ ਵਿਭਚਾਰੀ
ਸਦਾ ਹੀ ਪਾਪਾਂ ਵਿਖੇ ਵਿਚਰਦੇ
ਸਭ ਜੀਵਾਂ ਦੀ ਨਿੰਦਿਆਂ ਕਰਦੇ
ਸੋ ਇਨਸਾਨਾਂ ਨੂੰ ਦੁਰਕਰੇਂਦੇ
ਉਹ ਮੇਰਾ ਅਪਮਾਨ ਕਰੇਂਦੇ
ਸਭ ਦੇਹਾਂ ਵਿਚ ਆਪ ਸਮਾਵਾਂ
ਆਤਮਾ ਰੂਪ ਪੁਰਸ਼ ਕਹਿਲਾਵਾਂ।

19

ਐਸੇ ਪਾਪੀ ਘੋਰ ਅਗਿਆਨੀ
ਸਾਧੂ ਦਵੇਸ਼ੀ ਤੇ ਅਭਿਮਾਨੀ
ਅਸੁਰ ਜੂਨੀਆਂ ਵਿਚ ਸਭ ਜਾਵਣ
ਸਦਾ ਹੀ ਘੋਰ ਦੁਖਾਂ ਨੂੰ ਪਾਵਣ।

20

ਅਸੁਰ ਜੂਨੀਆਂ ਸਦਾ ਉਹ ਪਾਵਣ
ਡਿੱਗ ਡਿੱਗ ਹੋਰ ਉਧਮ ਹੋ ਜਾਵਣ
ਮੈਥੋਂ ਹੋਰ ਵੀ ਦੂਰ ਹੋ ਜਾਂਦੇ
ਦੁੱਖ ਕਲੇਸ਼ ਸਦਾ ਉਹ ਪਾਂਦੇ।

21

ਕਾਮ ਕ੍ਰੋਧ ਤੇ ਲੋਭ ਹੇ ਪਾਰਥ
ਜੀਵਨ ਨਾਸ਼ ਕਰਨ ਉਹ ਪਾਰਥ
ਇਹ ਲੈ ਜਾਵਣ ਨਰਕ ਦਵਾਰੇ
ਕਰ ਤਿਨ੍ਹਾਂ ਦਾ ਤਿਆਗ ਪਿਆਰੇ।

22

ਕਾਮ ਆਵਕ ਜੋ ਤਿਆਗ ਦਿਖਾਵੇ
ਨਰਕ ਦਵਾਰੇ ਤੂੰ ਛੱਡ ਜਾਵੇ
ਸੋ ਨਰ ਉੱਤ ਗਤੀ ਨੂੰ ਪਾਂਦੇ
ਸੁਖ ਦੇ ਮਾਰਗ ਕਦਮ ਉੱਠਾਂਦੇ।

23

ਜੋ ਸ਼ਾਸਤਰ ਦੀ ਵਿਧੀ ਤਿਆਗਣ
ਮਨ ਮੁੱਖ ਹੋ ਵਿਸ਼ਿਆ ਵਿਚ ਲਾਗਣ
ਸਿੱਧ ਨਾ ਹੋਵਣ ਕਰਮ ਉਹਨਾਂ ਦੇ
ਨਾ ਸੁਖ ਨਾ ਉੱਤਮ ਗਤੀ ਪਾਂਦੇ।

24

ਹੁਣ ਕੀ ਕਰਾਂ ਜੇ ਚਿਤ ਵਿਚ ਆਵੇ
ਕਿਸ ਰਾਹ ਜਾਵਾਂ ਮਨ ਭਰਮਾਂਵੇ
ਸ਼ਾਸਤਰ ਦਾ ਤਦ ਆਸਰਾ ਫੜ ਤੂੰ
ਜੋ ਸ਼ਾਸਤਰ ਕਹੇ ਸੋ ਕਰ ਤੂੰ
ਉੱਤਮ ਸੋਈ ਵਿਧਾਨ ਹੈ ਤੇਰਾ
ਇਸ ਵਿਚ ਹੀ ਕਲਿਆਣ ਹੈ ਤੇਰਾ

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਦੇਵਾਸੁਰ ਸੰਪਦ ਵਿਭਾਗ ਨਾਮਕ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ।*

# ਸਤਾਰਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਦਾ ਸ਼੍ਰਧਾਤਰੀ ਵਿਭਾਗ

1

*ਅਰਜੁਨ ਬੋਲਿਆ*

ਜੋ ਸ਼ਾਸਤ੍ਰ ਪਰਮਾਨ ਨੂੰ ਤਜਦੇ
ਪਰ ਸ਼ਰਧਾ ਨਾਲ ਆਪ ਨੂੰ ਭੱਜਦੇ
ਕੀ ਹੋਵਣ ਪ੍ਰਭੂ ਭਾਵ ਤਿਨ੍ਹਾ ਦੇ
ਸਤਿ ਨੂੰ ਜਾਂ ਰਜ ਤਮ ਨੂੰ ਪਾਂਦੇ।

2

*ਸ਼੍ਰੀ ਭਗਵਾਨ ਬੋਲੇ*

ਜਨਮ ਸੂਭਾਵ ਥੋਂ ਸਭ ਜੀਵਾਂ ਦੀ
ਤਿਨ ਵਿਧ ਸ਼ਰਧਾ ਹੈ ਕਹੀ ਜਾਂਦੀ
ਸੁਣ ਸਭ ਦਾ ਵਿਸਤਾਰ ਸੁਣਾਵਾਂ
ਸਤਿ ਰਜ ਤਮ ਦਾ ਤੱਤ ਸਮਝਾਵਾਂ।

3

ਪਿਛਲੇ ਸੰਸਕਾਰ ਥੋਂ ਅਰਜੁਨ
ਇਹ ਸਭ ਸ਼ਰਧਾ ਹੋਵੇ ਉਤਪਨ
ਇਸੇ ਕਾਰਣ ਥੋਂ ਅਰਜੁਨ ਪਿਆਰੇ
ਸ਼ਰਧਾਮਯ ਇਹ ਜੀਵ ਨੇ ਸਾਰੇ
ਜੋ ਹੋਵੇ ਸ਼ਰਧਾ ਜੀਵਾਂ ਦੀ
ਤੈਸੀ ਪ੍ਰਕ੍ਰਿਤੀ ਬਣ ਜਾਂਦੀ।

4

ਸਾਤਵਿਕ ਸ਼ਰਧਾ ਵਾਲੇ ਸੱਜਣ
ਉਹ ਤਾਂ ਦੇਵਤਿਆਂ ਨੂੰ ਪੂਜਣ
ਰਾਜਸ ਨੇ ਵਿਸ਼ਵਾਸ ਜਿਨ੍ਹਾਂ ਦੇ
ਯਕਸ਼ ਰਾਕਸ਼ਾਂ ਵੱਲ ਚਿਤ ਲਾਂਦੇ
ਤਮੋ ਗੁਣ ਵੱਲ ਜੋ ਚਿਤ ਧਰਦੇ
ਭੂਤ ਪ੍ਰੇਤ ਦੀ ਪੂਜਾ ਕਰਦੇ।

5

ਢੋਂਗੀ ਲਾਲਚੀ ਤੇ ਅਭਿਮਾਨੀ

ਕਾਮੀ ਅਹੰਕਾਰੀ ਅਗਿਆਨੀ
ਸ਼ਾਸਤ੍ਰ ਵਿਧੀ ਵੱਲ ਧਿਆਨ ਨਾ ਧਰਦੇ
ਐਂਵੇ ਘੋਰ ਤਪਾਂ ਨੂੰ ਕਰਦੇ।

6

ਇੰਦਰੀਆਂ ਨੂੰ ਕਸ਼ਟ ਪਹੁੰਚਾਂਦੇ
ਜੀਵ ਆਤਮਾ ਨੂੰ ਵੀ ਸਤਾਂਦੇ
ਐਸੇ ਮੂਰਖ ਤੇ ਅਗਿਆਨੀ
ਅਸੁਰੀ ਸ਼ਰਧਾ ਵਾਲੇ ਜਾਣੀਂ।

7

ਭੋਜਨ ਤਿੰਨ ਕਿਸਮਾਂ ਦੇ ਹੋਵਣ
ਤਿੰਨ ਹੀ ਯੱਗ ਦਾਨ ਤੱਪ ਅਰਜੁਨ
ਯੱਗ ਅਦਿਕ ਦਾ ਤੱਤ ਸਮਝਾਵਾਂ
ਭੋਜਨ ਦਾ ਵੀ ਭੇਤ ਸੁਣਾਵਾਂ।

8

ਜੋ ਭੋਜਨ ਆਯੂ ਨੂੰ ਵਧਾਵੇ
ਜਿਸ ਦੇ ਖਾਇਆਂ ਉਤਸ਼ਾਹ ਆਵੇ
ਜੋ ਭੋਜਨ ਬਲਵਾਨ ਬਣਾਵੇ
ਜੋ ਭੋਜਨ ਦੁਖ ਰੋਗ ਮਿਟਾਵੇ
ਸਵਾਦੀ ਤੇ ਪਚ ਜਾਵਣ ਵਾਲਾ
ਬਲ ਆਨੰਦ ਵਧਾਵਣ ਵਾਲਾ
ਸਾਤਵਿਕ ਸੋ ਭੋਜਨ ਅਖਵਾਂਦੇ
ਸਤਿ ਗੁਣ ਪ੍ਰਾਣੀ ਤਿਸ ਨੂੰ ਖਾਂਦੇ।

9

ਕੌੜੇ ਖੱਟੇ ਸਵਾਦ ਜਿਨ੍ਹਾਂ ਦੇ
ਰਾਜਸੀ ਭੋਜਨ ਹੈਨ ਕਹਾਂਦੇ
ਜਿਸ ਵਿਚ ਬਹੁਤੇ ਲੂਣ ਮਸਾਲੇ
ਰੁੱਖੇ ਗਰਮੀ ਦੇਵਣ ਵਾਲੇ
ਦੁਖ ਰੋਗ ਤੇ ਸ਼ੋਕ ਵਧਾਵਣ
ਰਜੋਗੁਣੀ ਭੋਜਨ ਕਹਿਲਾਵਣ।

10

ਰੱਸ ਰਹਿਤ ਅੱਧ ਗਲਿਆ ਹੋਵੇ
ਜੂਠਾ ਬਾਸੀ ਸੜਿਆ ਹੋਵੇ
ਮਧੁਰਤਾ ਜਿਸਦੀ ਦੂਰ ਹੋ ਜਾਵੇ
ਯੱਗ ਹੋਮ ਦੇ ਕੰਮ ਨਾ ਆਵੇ
ਸੋ ਤਮੋਗੁਣੀ ਭੋਜਨ ਸਦਵਾਵੇ
ਤਾਮਸੀ ਪ੍ਰਾਣੀ ਤਿਸ ਨੂੰ ਖਾਵੇ।

11

ਵਿਧੀਪੂਰਵਕ ਯੱਗ ਰਚਾਵੇ
ਫਲ ਇੱਛਿਆ ਸਭ ਮਨੋਂ ਭੁਲਾਵੇ
ਜੋ ਨਰ ਐਸਾ ਯੱਗ ਰਚਾਂਦਾ
ਸਤੋਗੁਣੀ ਸੋ ਯੱਗ ਸਦਾਂਦਾ।

12

ਕਈ ਫਲ ਕਾਰਣ ਯੱਗ ਰਚਾਂਦੇ
ਜਗਤ ਦਿਖਾਵਾ ਢੌਂਗ ਬਣਾਂਦੇ
ਐਸੇ ਯੱਗ ਕਰਮ ਹੇ ਅਰਜੁਨ!
ਸਾਰੇ ਰਜੋਗੁਣੀ ਕਹਿਲਾਵਣ।

13

ਵਿਧੀ ਅਨੁਕੂਲ ਯੱਗ ਜੋ ਨਾਹੀਂ
ਅੰਨ ਦਾ ਦਾਨ ਨਹੀਂ ਜਿਸ ਮਾਹੀਂ
ਮੰਤ੍ਰ ਸੁਰ ਦਾ ਧਿਆਨ ਨਾ ਆਵੇ
ਦਖਸ਼ਣਾ ਰਹਿਤ ਜੋ ਕੀਤਾ ਜਾਵੇ
ਸ਼ਰਧਾ ਹੀਣ ਜੋ ਯੱਗ ਰਚੇਂਦੇ
ਤਮੋਗਣੀ ਸੋ ਯੱਗ ਸਦੇਂਦੇ।

14

ਦੇਵਤਾ ਬ੍ਰਾਹਮਣ ਗੁਰੂ ਵਿਦਵਾਨ
ਸਭ ਦੀ ਕਰਨੀ ਪੂਜਾ ਮਾਣ
ਸ਼ੌਚ ਸਫਾਈ ਚਿਤ ਦੀ ਸਰਲਤਾ
ਬ੍ਰਹਮ ਚਰਿਆ ਬ੍ਰਤ ਤੇ ਅਹਿੰਸਾ
ਇਹ ਸਭ ਪਿਆਰੇ ਕੁੰਤੀ ਨੰਦਨ
ਏਸ ਸ਼ਰੀਰ ਦਾ ਤਪ ਕਹਿਲਾਵਣ।

15

ਮੁੱਖ ਤੋਂ ਐਸਾ ਵਾਕ ਸੁਣਾਵੇ
ਕਿਸੇ ਦੇ ਚਿਤ ਨੂੰ ਚੋਟ ਨਾ ਆਵੇ
ਸਤਿ ਕਹੇ ਪਰ ਮਿੱਠਾ ਬੋਲੇ
ਜੱਗ ਹਿੱਤ ਇਕ ਇਕ ਵਾਕ ਨੂੰ ਤੋਲੇ
ਮੁੱਖ ਤੋਂ ਵੇਦ ਦਾ ਗਿਆਨ ਸੁਣਾਵੇ
ਇਹ ਬਾਨੀ ਦਾ ਤਪ ਕਿਹਲਾਵੇ।

16

ਮਨ ਵੱਸ ਕਰਨਾ ਆਨੰਦ ਰਹਿਣਾ
ਅੰਤਹਿ ਕਰਣ ਇਕ ਰਸ ਕਰ ਲੈਣਾ
ਚੁੱਪ ਸਾਧਣੀ ਸਬਰ ਵਰਵਾਣਾ
ਧੀਰਜ ਤੇ ਸੰਤੋਖ ਕਮਾਣਾ
ਸੁੱਧ ਭਾਵ ਛਲ ਨਿਕਟ ਨਾ ਆਵੇ
ਇਹ ਸਭ ਮਾਸਿਕ ਤਪ ਕਹਿਲਾਵੇ।

17

ਫਲ ਇੱਛਿਆ ਜਿਸ ਵਿਚ ਨਾ ਆਵੇ
ਸ਼ਰਧਾ ਨਾਲ ਜੋ ਕੀਤਾ ਜਾਵੇ
ਐਸਾ ਤਪ ਜਦ ਪੁਰਸ਼ ਕਮਾਵੇ
ਸਤੋਗੁਣੀ ਸੋ ਤਪ ਕਹਿਲਾਵੇ।

18

ਪੂਜਾ ਤੇ ਸੰਸਕਾਰ ਨੂੰ ਚਾਹਵੇ
ਮਾਣ ਦੀ ਖਾਤਰ ਕੀਤਾ ਜਾਵੇ
ਦੰਭ ਕਪਟ ਜਿਸ ਤਪ ਵਿਚ ਆਵੇ
ਰਜੋਗੁਣੀ ਸੋ ਤਪ ਕਹਿਲਾਵੇ।

19

ਦੇਹ ਅਪਨੀ ਪੀੜ ਪਹੁੰਚਾ ਕੇ
ਦੂਜਿਆਂ ਦੀ ਬੁਰਾਈ ਚਾਹ ਕੇ
ਮੂਰਖਤਾ ਅਗਿਆਨ ਦੇ ਕਾਰਣ
ਜੋ ਤਪ ਕੀਤਾ ਜਾਵੇ ਅਰਜੁਨ
ਜੋ ਐਸਾ ਤਪ ਕੀਤਾ ਜਾਂਦਾ
ਤਮੋਗੁਣੀ ਸੋ ਤਪ ਕਹਿਲਾਂਦਾ।

20
ਦੇਣਾ ਧਰਮ ਹੈ ਇਹ ਚਿਤ ਲਾਵੇ
ਦਾਨ ਦੇਵੇ ਪਰ ਮਾਨ ਨਾ ਚਾਹਵੇ
ਦਾਨ ਦਾ ਬਦਲਾ ਚਿਤ ਨਾ ਲੋਚੇ
ਦੇਸ਼ ਕਾਲ ਪਾਤਰ ਸਭ ਸੋਚੇ
ਐਸਾ ਉੱਤਮ ਦਾਨ ਹੈ ਪਾਰਥ
ਸਤੋਗੁਣੀ ਸਦਵਾਂਦਾ ਪਾਰਥ।

21
ਔਖੇ ਹੋ ਜੋ ਦਾਨ ਨੇ ਕਰਦੇ
ਜਾਂ ਫਲ ਇੱਛਾ ਵਿਚ ਚਿਤ ਧਰਦੇ
ਮਤਲਬ ਖਾਤਰ ਦਾਨ ਤਿਨ੍ਹਾਂ ਦਾ
ਰਜੋਗੁਣੀ ਸੋ ਦਾਨ ਕਹਾਂਦਾ

22
ਦੇਸ਼ ਕਾਲ ਪਾਤਰ ਨਾ ਵਚਾਰੇ
ਜਾਂ ਕੁਥਾਂ ਦਾਨ ਕਰ ਡਾਰੇ
ਅਹੰਕਾਰ ਵਸ ਦਾਨ ਕਮਾਵੇ
ਕਰ ਬੇਇਜ਼ਤੀ ਮਗਰੋਂ ਲਾਹਵੇ
ਐਸਾ ਦਾਨ ਜੋ ਕੀਤਾ ਜਾਂਦਾ
ਤਮੋਗੁਣੀ ਸੋ ਦਾਨ ਕਹਾਂਦਾ।

23
ਓਮ ਤੱਤ ਸਤਿ ਬ੍ਰਹਮ ਕਹਾਂਦਾ
ਬ੍ਰਹਮ ਨਾਮ ਨਿਰਵੇਸ਼ ਸਦਾਂਦਾ
ਐਸੇ ਉੱਤਮ ਨਾਮ ਥੋਂ ਅਰਜੁਨ
ਬ੍ਰਾਹਮਣ ਵੇਦ ਯੱਗ ਸਭ ਉਪਜਣ।

24
ਬ੍ਰਾਹਮਣ ਪੰਡਤ ਪਰਮ ਗਿਆਨੀ
ਵੇਦ ਪੜ੍ਹਨ ਵਾਲੇ ਸਭ ਪ੍ਰਾਣੀ
ਵਿਧੀ ਨਾਲ ਜਦ ਯੱਗ ਸਵਾਵਣ
ਯੱਗ ਦਾਨ ਤਪ ਕਰਮ ਕਮਾਵਣ
ਪਹਿਲੋਂ ਓਮ ਉਚਾਰਣ ਕਰਦੇ
ਫੇਰ ਕਰਮ ਵੱਲ ਨੇ ਚਿਤ ਧਰਦੇ।

25

ਜੋ ਪ੍ਰਾਣੀ ਨੇ ਮੋਕਸ਼ ਨੂੰ ਚਾਹੰਦੇ
ਮੋਕਸ਼ ਦੇ ਮਾਰਗ ਕਦਮ ਵਧਾਂਦੇ
ਤੱਤ ਦਾ ਸ਼ਬਦ ਉਚਾਰਣ ਕਰਦੇ
ਕਰਮ ਫਲਾਂ ਵਿਚ ਚਿਤ ਨਾ ਧਰਦੇ
ਕਰਮ ਕਰਣ ਪਰ ਫਲ ਨਾ ਚਾਹਵਣ
ਯੱਗ ਦਾਨ ਤਪ ਕਰਮ ਕਮਾਵਣ।

26

ਜਿਸ ਕੰਮ ਵਿਚ ਹੋਵੇ ਸਚਿਆਈ
ਜਾਂ ਨੇਕੀ ਜਾਂ ਜਗਤ ਭਲਾਈ
ਨੇਕ ਕਰਮ ਜਦ ਕੀਤੇ ਜਾਵਣ
ਸਤਿ ਨਾਮ ਤਦ ਲੋਕ ਧਿਆਵਣ।

27

ਸਤਿ ਨਾਮ ਘਟ ਘਟ ਵਿਆਪੇ
ਸਤਿ ਨਾਮ ਕਰਮਾਂ ਵਿਚ ਜਾਪੇ
ਸਤਿ ਨਾਮ ਹੈ ਜੱਗ ਦਾ ਕਾਰਣ
ਇਸ ਥੋਂ ਯੱਗ ਗਿਆਨ ਤਪ ਉਪਜਣ।

28

ਹਵਨ ਯੱਗ ਤਪ ਗਿਆਨ ਹੇ ਪਾਰਥ
ਸ਼ੁਭ ਕੰਮ ਪ੍ਰਭੂ ਗੁਣਗਾਣ ਹੇ ਪਾਰਥ
ਬਿਨ ਸ਼ਰਧਾ ਜਦ ਕੀਤੇ ਜਾਵਣ
ਉਹ ਸਭ ਕੂੜ ਅਸਤਿ ਕਹਾਵਣ
ਐਥੇ ਓਥੇ ਦੋਹੀਂ ਜਹਾਨੀ
ਨਾ ਸੁਖ ਦੇਵਣ ਇਹ ਗੱਲ ਜਾਣੀਂ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ
ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ
ਸੰਵਾਦ ਦਾ ਸ਼ਰਧਾਤ੍ਰੀ ਵਿਭਾਗ ਨਾਮਕ
ਸਤਾਰਵਾਂ ਅਧਿਆਇ ਸਮਾਪਤ ਹੋਇਆ।*

# ਅਠਾਰਵਾਂ ਅਧਿਆਇ: ਸ਼੍ਰੀ ਕ੍ਰਿਸ਼ਣ ਅਰਜੁਨ ਸੰਵਾਦ ਮੋਕਸ਼ ਸੰਨਿਆਸ ਯੋਗ

1

*ਅਰਜੁਨ ਬੋਲਿਆ*

ਕੀ ਹੈ ਤੱਤ ਸੰਨਿਆਸ ਦਾ ਭਗਵਨ!
ਜਾਨਣਾ ਚਾਹਵਾਂ ਹੇ ਮਧੁਸੂਧਨ!
ਤੱਤ ਤਿਆਗ ਦਾ ਵੀ ਸਮਝਾਓ
ਅੱਡੋ ਅੱਡਰੇ ਅਰਥ ਸੁਣਾਓ।

2

*ਸ਼੍ਰੀ ਭਗਵਾਨ ਬੋਲੇ*

ਕਈ ਇਕ ਯੱਗ ਕਰਮ ਨੇ ਅਰਜੁਨ
ਕਾਮਨਾ ਅਰਥ ਜੋ ਕੀਤੇ ਜਾਵਣ
ਛੱਡ ਦੇਣਾ ਐਸੇ ਕਰਮਾਂ ਦਾ
ਇਹ ਵੀ ਹੈ ਸੰਨਿਆਸ ਕਹਾਂਦਾ
ਸਭ ਕਰਮਾਂ ਦੇ ਫਲ ਦਾ ਤਿਆਗਣ
ਇਸ ਨੂੰ ਆਖਣ ਤਿਆਗ ਹੇ ਅਰਜੁਨ।

3

ਕਰਮ ਦੋਸ਼ ਹੈ ਕਈ ਫਰਮਾਂਦੇ
ਕਰਮ ਤਿਆਗੋ ਇਹੋ ਸੁਨਾਂਦੇ
ਕਈ ਆਖਣ ਕਰਮਾਂ ਵਿਚ ਲਾਗੋ
ਯੱਗ ਦਾਨ ਤਪ ਕਦੀ ਨਾ ਤਿਆਗੋ।

4

ਸੁਣ ਮੈਂ ਆਪਣਾ ਮੱਤ ਸਮਝਾਵਾਂ
ਤਿਆਗ ਸ਼ਬਦ ਦਾ ਤੱਤ ਸਮਝਾਵਾਂ
ਅੱਡੋ ਅੱਡਰੇ ਭਾਗ ਨੇ ਅਰਜੁਨ
ਤਿੰਨ ਕਿਸਮਾਂ ਦੇ ਤਿਆਗ ਨੇ ਅਰਜੁਨ।

5

ਯੱਗ ਦਾਨ ਤਪ ਕਰਮ ਕਹਾਵਣ
ਮੁਨੀਆਂ ਨੂੰ ਪਵਿੱਤਰ ਬਨਾਵਣ
ਉੱਤਮ ਕਰਮ ਇਹੋ ਜਗ ਮਾਹੀਂ

ਤਿਆਗਣ ਯੋਗ ਕਰਮ ਇਹ ਨਾਹੀਂ।

*6*

ਪਰ ਸੰਗ ਛੱਡ ਕੇ ਕਰਮ ਇਹ ਕਰ ਤੂੰ
ਫਲ ਇੱਛਿਆ ਵੱਲ ਧਿਆਨ ਨਾ ਧਰ ਤੂੰ
ਹਉਮੈ ਭਾਵ ਮਿਟੇ ਸਭ ਤੇਰਾ
ਇਹ ਉੱਤਮ ਨਿਸ਼ਚਿਤ ਮੱਤ ਮੇਰਾ।

*7*

ਨਿੱਤ ਨੇਮ ਕਰਮਾਂ ਦਾ ਤਿਆਗਣ
ਕਦੇ ਵੀ ਇਹ ਵਾਜ਼ਬ ਨਹੀਂ ਅਰਜੁਨ
ਮੋਹ ਵਸ ਜੇ ਕੋਈ ਤਿਆਗ ਵਖਾਵੇ
ਤਮੋਗੁਣੀ ਸੋ ਤਿਆਗ ਕਹਾਵੇ।

*8*

ਕਈ ਲੋਕ ਕਰਮਾਂ ਨੂੰ ਅਰਜੁਨ
ਦੁਖ ਦਾਇਕ ਦੁਖ ਕਾਰਕ ਮੰਨਣ
ਕਾਇਆ ਦੇ ਦੁਖ ਥੋਂ ਡਰ ਜਾਂਦੇ
ਤਦ ਉਹ ਕਰਮ ਤਿਆਗ ਵਖਲਾਂਦੇ
ਸੋ ਤਿਆਗੀ ਰਾਜਸ ਕਹਿਲਾਵਣ
ਤਿਆਗ ਦਾ ਫਲ ਸੋ ਕਦੇ ਨਾ ਪਾਵਣ।

*9*

ਨੇਮ ਕਰਮ ਦਾ ਤੱਤ ਪਛਾਣੇ
ਨੇਮ ਕਰਮ ਨੂੰ ਕਰਤਵਯ ਜਾਣੇ
ਫਲ ਦੀ ਆਸ਼ਾ ਮਨੋਂ ਭੁਲਾਵੇ
ਅਹਿਮ ਭਾਵ ਵੱਲ ਚਿਤ ਨਾ ਲਾਵੇ
ਕਰਤਾ ਪਨ ਨੂੰ ਮਨੋਂ ਤਿਆਗੇ
ਹੋ ਨਿਸ਼ਕਾਮ ਕਰਮ ਵਿਚ ਲਾਗੇ
ਐਸਾ ਨਰ ਅਰਜੁਨ ਵਡਭਾਗੀ
ਸਤੋਗੁਣੀ ਸੋ ਉੱਤਮ ਤਿਆਗੀ।

*10*

ਜੋ ਸੰਸਾਰੀ ਕਰਮਾਂ ਤਾਈਂ
ਘ੍ਰਿਣਾ ਦਵੇਸ਼ ਪ੍ਰਗਟਾਵੇ ਨਾਹੀਂ

ਯੱਗ ਦਾਨ ਕਰਮਾਂ ਵਿਚ ਲਾਗਨ
ਇਹ ਪਰ ਫਲ ਦੀ ਆਸ਼ਾ ਤਿਆਗਨ
ਸੋ ਨਰ ਸੰਸੇ ਭਰਮ ਮਿਟਾਵਣ
ਸੋ ਨਰ ਜੀਵਨ ਮੁਕਤ ਹੋ ਜਾਵਣ।

11

ਆਤਮਾ ਜਦ ਤਕ ਵੱਸੇ ਦੇਹ ਮਾਹੀਂ
ਕਰਮ ਤਿਆਗ ਹੋ ਸਕਦਾ ਨਾਹੀਂ
ਸੱਚਾ ਤਿਆਗੀ ਸੋ ਸਦਵਾਂਦਾ
ਕਰਮਾਂ ਦਾ ਜੋ ਫਲ ਨਹੀਂ ਚਾਹੁੰਦਾ।

12

ਕਰਮ ਫਲਾਂ ਨੂੰ ਨਾ ਚਾਹਵੇ
ਸੋ ਪੂਰਨ ਤਿਆਗੀ ਸਦਵਾਂਵੇ
ਮਰਿਆਂ ਬਾਅਦ ਮਿਲਣ ਫਲ ਸਾਰੇ
ਇਸ਼ਟ ਅਨਿਸ਼ਟ ਮਿਸ਼ਰਤ ਹੇ ਪਿਆਰੇ
ਜੋ ਹੇ ਮਗਨ ਕਰਮ ਫਲ ਮਾਹੀਂ
ਉਸ ਨੂੰ ਇਹ ਫਲ ਮਿਲਦੇ ਨਾਂਹੀ।

13

ਸਾਖ ਕਹੇ ਜੋ ਜੋ ਨੇ ਕਾਰਣ
ਜਿਸ ਥੋਂ ਕਰਮ ਸਿੱਧ ਹੋ ਜਾਵਣ
ਜੋ ਸਭ ਪੰਜ ਕਾਰਣ ਨੇ ਸਾਰੇ
ਉਹ ਸਭ ਜਾਣ ਹੇ ਪਾਰਥ ਪਿਆਰੇ।

14

ਕਾਰਣ ਇਕ ਸਰੀਰ ਕਹਿਲਾਵੇ
ਹੇ ਅਰਜੁਨ ਜੋ ਸੁਖ ਦੁਖ ਪਾਵੇ
ਦੂਸਰਾ ਕਾਰਣ ਜੀਵ ਕਹਾਂਦਾ
ਕਰਤਾ ਭੋਗਤਾ ਜੋ ਸਦਵਾਂਦਾ
ਤੇਰੇ ਚੇਸ਼ਠਾ ਦੇ ਸੰਬੰਧ
ਸ਼ਬਦ ਸਪੂਰਸ਼ ਰੂਪ ਰਸ ਗੰਧ
ਚੌਥੇ ਵਾਯੂ ਪ੍ਰਾਣ ਉਪਾਨ
ਵਾਯੂ ਦੀਆਂ ਚਾਲਾਂ ਨੂੰ ਜਾਣ

ਸੂਰਜ ਚੰਦਰ ਦੇਵਤਾ ਸਾਰੇ
ਪੰਜਵਾਂ ਕਾਰਣ ਹੈਣ ਹੇ ਪਿਆਰੇ।

**15**

ਮਨ ਬਾਣੀ ਤੇ ਸ਼ਰੀਰ ਥੋਂ ਅਰਜੁਨ
ਸਭ ਪ੍ਰਾਣੀ ਜੋ ਕਰਮ ਕਮਾਵਨ
ਪਾਪ ਪੁੰਨ ਸਭ ਦੇ ਹੇ ਪਾਰਥ
ਪੰਜ ਹੀ ਕਾਰਣ ਹੈਣ ਹੇ ਪਾਰਥ।

**16**

ਜੋ ਇਹ ਗੂੜ੍ਹ ਤੱਤ ਨਾ ਪਛਾਣੇ
ਆਤਮਾ ਨੂੰ ਹੀ ਕਰਤਾ ਜਾਣੇ
ਸੋ ਦੁਰਗਤ ਅੰਧਾ ਅਭਿਮਾਨੀ
ਸੋ ਨਰ ਜਾਣ ਘੋਰ ਅਗਿਆਨੀ।

**17**

ਜੋ ਕਰਮਾਂ ਦਾ ਤੱਤ ਪਛਾਣੇ
ਮੈਂ ਕੁਝ ਨਹੀਂ ਕਰਦਾ ਇਹ ਜਾਣੇ
ਜਿਸ ਦੀ ਬੁੱਧੀ ਗਿਆਨ ਤੂੰ ਲੋੜੇਂ
ਮਾਇਆ ਦੇ ਵਿਚ ਚਿਤ ਨੂੰ ਨਾ ਜੋੜੇਂ
ਐਸਾ ਜੋ ਗਿਆਨੀ ਹੇ ਪਿਆਰੇ
ਜੇ ਉਹ ਕਿਸੇ ਨੂੰ ਜਾਨ ਥੋਂ ਮਾਰੇ
ਉਹ ਪਾਪੀ ਸਦਵਾਂਦਾ ਨਾਹੀਂ
ਪਾਪ ਦੇ ਫਲ ਨੂੰ ਪਾਂਦਾ ਨਾਹੀਂ।

**18**

ਗਿਆਨ ਗੇ ਤੋਂ ਗਿਆਤਾ ਪਾਰਥ
ਤਿੰਨ ਵਿਧ ਕਰਮ ਪ੍ਰਵ੍ਰਿਤੀ ਪਾਰਥ
ਇੰਦਰੀਆਂ ਕਰਮ ਤੇ ਕਰਤਾ ਅਰਜੁਨ
ਕਰਮ ਸੰਗ੍ਰਹਿ ਇਹ ਤਿੰਨ ਕਹਾਵਨ।

**19**

ਗਿਆਨ ਕਰਮ ਤੇ ਕਰਤਾ ਪਾਰਥ
ਤਿੰਨ ਤਰ੍ਹਾਂ ਦੇ ਸਮਝ ਤੂੰ ਪਾਰਥ
ਤਿੰਨ ਗੁਣ ਭੇਦ ਸਾਂਖ ਵਿਚ ਆਏ

ਸੋ ਸੁਣ ਪਾਰਥ ਮਨ ਚਿਤ ਲਾਏ।

20

ਕਸਰਤ ਵਿਚ ਵਹਿਦਤ ਜੋ ਵੇਖੇ
ਘਟ ਘਟ ਵਿਚ ਜੋ ਬ੍ਰਹਮ ਨੂੰ ਪੇਖੇ
ਸਭ ਸ੍ਰਿਸ਼ਟੀ ਵਿਚ ਇਕ ਸੁਰ ਜਾਣੇ
ਇਕ ਸੁਰ ਦਾ ਜਾ ਜੋ ਤੱਤ ਪਛਾਣੇ
ਜਿਸ ਗਿਆਨੋਂ ਇਹ ਤੱਤ ਸਮਝ ਆਏ
ਸਤੋਂ ਗੁਣੀ ਸੋ ਗਿਆਨ ਕਹਾਏ।

21

ਸਭ ਭੂਤਾਂ ਨੂੰ ਅੱਡ ਅੱਡ ਜਾਣੇ
ਹਰ ਥਾਂ ਅੱਡ ਅੱਡ ਭਾਵ ਬਖਾਨੇ
ਜਿਸ ਗਿਆਨੋਂ ਇਹ ਭਾਵ ਹੈ ਆਂਦਾ
ਰਜੋਗੁਣੀ ਸੋ ਗਿਆਨ ਕਹਾਂਦਾ।

22

ਬ੍ਰਹਮ ਨੂੰ ਜੋ ਇਕ ਥਾਵਾਂ ਥਾਪੇ
ਸਮਝੇ ਬ੍ਰਹਮ ਹਦ ਅੰਦਰ ਵਿਆਪੇ
ਜਿਸ ਵਿਚ ਯੁਕਤੀ ਅਰਥ ਨਾ ਆਵੇ
ਤਮੋ ਗੁਣੀ ਸੋ ਗਿਆਨ ਕਹਾਵੇ।

23

ਰਾਗ ਦਵੇਸ਼ ਵਿਚ ਚਿਤ ਨਾ ਲਾਵਣ
ਫਲ ਦੀ ਇੱਛਿਆ ਮਨੋਂ ਭੁਲਾਵਣ
ਜਦ ਨਰ ਸੰਗ ਰਹਿਤ ਹੋ ਜਾਂਦੇ
ਕਰਨ ਯੋਗ ਫਿਰ ਕਰਮ ਕਮਾਂਦੇ
ਜੋ ਵੀ ਐਸੇ ਕਰਮ ਨੇ ਪਾਰਥ
ਸਤੋਗੁਣੀ ਸੋ ਜਾਨ ਤੂੰ ਪਾਰਥ।

24

ਖਾਸ਼ ਕਾਮਨਾ ਦੇ ਵਸ ਆਕੇ
ਫਲ ਭੋਗਣ ਵਿਚ ਧਿਆਨ ਲਗਾਕੇ
ਅਹੰਕਾਰ ਵੱਸ ਕਰਮ ਕਮਾਂਦੇ
ਕਰਮ ਕਰਨ ਵਿਚ ਜ਼ੋਰ ਵਰਵਾਂਦੇ
ਐਸੇ ਕਰਮ ਜੋ ਕੀਤੇ ਜਾਵਣ

ਰਜੋਗੁਣੀ ਸੋ ਕਰਮ ਕਹਾਵਣ।

*25*

ਮੋਹ ਵਸ ਹੋ ਕਈ ਮੂਰਖ ਪ੍ਰਾਣੀ
ਕਰਮ ਕਰਨ ਛੋਹਨ ਅਗਿਆਨੀ
ਨਾ ਕਮ ਦਾ ਪਰਿਣਾਮ ਚਿਤਾਰਣ
ਆਪਣਾ ਧਨ ਸ਼ਕਤੀ ਨਾ ਵਿਚਾਰਣ
ਅੰਨ੍ਹੇ ਵਾਹ ਚਾ ਕਰਮ ਕਰੇਂਦੇ
ਖ਼ਲਕਤ ਦੇ ਦੁੱਖ ਚਿਤ ਨਾ ਧਰੇਂਦੇ
ਮੂਰਖ ਹੂੜ ਮਨ ਨੇ ਰੱਖਦੇ
ਆਪਣੇ ਤਾਕਤ ਨੂੰ ਨਾ ਪਰਖਦੇ
ਜੋ ਜੋ ਇਉਂ ਕੀਤੇ ਜਾਂਦੇ
ਤਮੋਗੁਣੀ ਸੋ ਕਰਮ ਕਮਾਂਦੇ।

*26*

ਸਤੋਗੁਣੀ ਕਰਤਾ ਸੋ ਕਹਿਲਾਵੇ
ਹਉਮੈ ਭਾਵ ਨੂੰ ਮਨੋਂ ਭੁਲਾਵੇ
ਕਰਮਾਂ ਵਿਚ ਜੋ ਚਿਤ ਨਾ ਫਸਾਵੇ
ਮੈਂ ਕਰਦਾ ਹਾਂ ਇਹ ਨਾ ਜਤਾਵੇ
ਹਰ ਦਮ ਸਬਰ ਵਿਖੇ ਚਿਤ ਧਰਦੇ
ਹਾਰ ਜਿੱਤ ਪਰਵਾਹ ਨਾ ਕਰਦੇ।

*27*

ਗਰਜ਼ਮੰਦ ਹੋ ਕਰਮ ਜੋ ਕਰਦਾ
ਕਰਮ ਫਲਾਂ ਵੱਲ ਧਿਆਨ ਨਾ ਧਰਦਾ
ਲੋਭੀ ਲਾਲਚੀ ਹਿੰਸਕ ਬੰਦਾ
ਹਰਸ਼ ਸ਼ੋਕ ਫਸਿਆ ਜੋ ਬੰਦਾ
ਐਸਾ ਨਰ ਜਦ ਕਰਮ ਕਮਾਵੇ
ਰਜੋਗੁਣੀ ਕਰਤਾ ਸਦਵਾਵੇ।

*28*

ਮੂਰਖ ਸ਼ਠ ਕਪਟੀ ਅਗਿਆਨੀ
ਰੋਂਦੂ ਸੁਸਤ ਕਮੀਨਾ ਪ੍ਰਾਣੀ
ਐਸਾ ਨਰ ਜਦ ਕਰਮ ਕਮਾਵੇ

ਤਮੋਗੁਣੀ ਕਰਤਾ ਕਹਿਆ ਜਾਵੇ।

29

ਬੁੱਧੀ ਧਰਤੀ ਪਛਾਣ ਤੂੰ ਅਰਜੁਨ
ਤਿੰਨ ਕਿਸਮਾਂ ਦੀਆਂ ਜਾਨ ਤੂੰ
ਬੁੱਧੀਆਂ ਦਾ ਵਿਸਤਾਰ ਸੁਣਾਵਾ
ਅੱਡ ਅੱਡ ਸੁਣ ਤੈਨੂੰ ਸਮਝਾਵਾਂ।

30

ਕਰਮ ਦੇ ਮਾਰਗ ਨੂੰ ਜੋ ਜਾਣੇ
ਅਤੇ ਸੰਨਿਆਸ ਦਾ ਤੱਤ ਪਛਾਣੇ
ਕਰਨ ਯੋਗ ਕਮ ਹੈ ਕਿ ਨਾਹੀਂ
ਭੈਅ ਅਭੈਅ ਹੈ ਕਿਸ ਗੱਲ ਮਾਹੀਂ
ਜੋ ਬੁੱਧੀ ਇਸ ਤੱਤ ਨੂੰ ਪਾਵੇ
ਸਤੋਗੁਣੀ ਬੁੱਧੀ ਸਦਵਾਵੇ।

31

ਧਰਮ ਅਧਰਮ ਨੂੰ ਜੋ ਨਾ ਜਾਣੇ
ਕੀ ਕਰਤਵ ਹੈ ਇਹ ਨਾ ਪਛਾਣੇ
ਐਸੀ ਜੋ ਬੁੱਧੀ ਹੈ ਪਾਰਥ
ਰਜੋਗੁਣੀ ਸੋ ਜਾਣ ਤੂੰ ਪਾਰਥ।

32

ਜੋ ਨਹੀਂ ਧਰਮ ਧਰਮ ਤਿਸ ਮਾਣੇ
ਹਰ ਕਰਤਵ ਨੂੰ ਉਲਟਾ ਜਾਣੇ
ਜਦ ਬੁੱਧੀ ਉਲਟੀ ਹੋ ਜਾਏ
ਤਮੋ ਗੁਣੀ ਬੁੱਧੀ ਕਹਿਲਾਏ।

33

ਐਸਾ ਧੀਰਜ ਪ੍ਰਾਣੀ ਲੋੜੇ
ਜੋ ਇਸ ਮਨ ਦੀਆਂ ਵਾਗਾਂ ਮੋੜੇ
ਇੰਦਰ ਪ੍ਰਾਣ ਨੂੰ ਵਸ ਵਿੱਚ ਕਰੇ
ਯੋਗ ਸਮਾਧੀ ਵਿਚ ਚਿਤ ਧਰੇ
ਐਸੀ ਧਰਤੀ ਤੇ ਧੀਰਜ ਪਾਰਥ
ਸਤੋ ਗੁਣੀ ਕਹਿਲਾਵਣ ਪਾਰਥ

34

ਜੋ ਧਰਮ ਅਰਥ ਦੀ ਕਾਮਨਾ ਕਰਦੇ
ਫਿਰ ਫਲ ਇੱਛਿਆ ਵਿਚ ਚਿਤ ਧਰਦੇ
ਕਾਮਨਾ ਵਸ ਧੀਰਜ ਜੋ ਆਵੇ
ਰਜੋਗੁਣੀ ਸੋ ਧਰਤੀ ਕਹਿਲਾਵੇ

35

ਦੁਖ ਭੈਅ ਵਿਸ਼ਿਆ ਵਿਚ ਰਮ ਰਹਿਣਾ
ਝੂਠੀ ਜ਼ਿੱਦ ਨੂੰ ਧੀਰਜ ਕਹਿਣਾ
ਆਲਸ ਦੇ ਵਿਚ ਸਮਾਂ ਗਵਾਣਾ
ਪਾਗਲਾਂ ਵਾਂਗੂ ਨਿਤ ਅੜ ਜਾਣਾ
ਐਸਾ ਧੀਰਜ ਤੇ ਪੁਰਸ਼ਾਰਥ
ਤਮੋਗੁਣੀ ਤੂੰ ਜਾਣ ਹੇ ਪਾਰਥ

36

ਤਿੰਨ ਕਿਸਮਾਂ ਦੇ ਸੁਖ ਕਹੇ ਜਾਂਦੇ
ਅੱਡ ਅੱਡ ਸੁਣ ਤੂੰ ਹਾਲ ਤਿਨ੍ਹਾਂ ਦੇ
ਜਿਸ ਵਿਚ ਆਪੇ ਹੀ ਆਨੰਦ ਆਵੇ
ਜਿਸ ਥੋਂ ਦੁਖ ਦਾ ਨਾਸ਼ ਹੋ ਜਾਵੇ

37

ਪਹਿਲਾਂ ਜ਼ਹਿਰ ਵਾਂਗ ਵਿਸ ਆਏ
ਮਗਰੋਂ ਅਮ੍ਰਿਤ ਸਮ ਬਣ ਜਾਏ
ਉੱਤਮ ਗਿਆਨ ਥੋਂ ਸੋ ਸੁਖ ਆਂਦਾ
ਸਤੋਗੁਣੀ ਸੋ ਸੁਖ ਕਹਿਲਾਂਦਾ।

38

ਇੰਦਰੀਆਂ ਦੇ ਜੋ ਸੁਖ ਅਰਜੁਨ
ਵਿਸ਼ਿਆ ਦੇ ਸੰਯੋਗ ਥੋਂ ਉਪਜਨ
ਪਹਿਲੋਂ ਅਮ੍ਰਿਤ ਸਮ ਸੁਖ ਪਾਂਦੇ
ਮਗਰੋਂ ਜ਼ਹਿਰ ਰੂਪ ਬਣ ਜਾਂਦੇ
ਇੰਦਰੀਆਂ ਦੇ ਇਹ ਸੁਖ ਸਾਰੇ
ਰਜੋਗੁਣੀ ਕਹਿਲਾਵਣ ਪਿਆਰੇ।

39

ਮੋਹ ਨਿਦ੍ਰਾ ਹੈ ਜਿਨ੍ਹਾਂ ਦਾ ਕਾਰਣ

ਜੋ ਆਲਸ ਪ੍ਰਸਾਦ ਥੋਂ ਉਪਜਨ
ਐਸੇ ਮੋਹ ਵਸ ਸੁਖ ਹੇ ਪਾਰਥ
ਤਮੋਗੁਣੀ ਕਹੇ ਜਾਵਣ ਪਾਰਥ।

40

ਪ੍ਰਿਥਵੀ ਸਵਰਗ ਲੋਕ ਜਗ ਮਾਂਹੀ
ਕੋਈ ਵੀ ਐਸਾ ਪ੍ਰਾਣੀ ਨਾਹੀਂ
ਸਾਰੇ ਮਾਨੁਸ਼ ਦੇਵਤੇ ਅਰਜੁਨ
ਸਤਿ ਰਜ ਤਮ ਬੰਧੰਨ ਵਿਚ ਵਿਚਰਨ।

41

ਬ੍ਰਾਹਮਣ ਸ਼ੱਤਰੀ ਪਾਰਥ ਪਿਆਰੇ
ਵੈਸ਼ ਤੇ ਸ਼ੂਦਰ ਵਰਣ ਇਹ ਚਾਰੇ
ਪ੍ਰਕ੍ਰਿਤੀ ਗੁਣ ਸੂਭਾਵ ਦੇ ਕਾਰਣ
ਅੱਡ ਅੱਡ ਥਾਪੇ ਗਏ ਨੇ ਅਰਜੁਨ।

42

ਸ਼ਮ ਦਮ ਤਪ ਵਿਚ ਮਨ ਧਰਨਾ
ਸ਼ੌਚ ਸਰਲਤਾ ਸ਼ਾਂਤੀ ਕਰਨਾ
ਗਿਆਨ ਅਤੇ ਵਿਗਿਆਨ ਨੂੰ ਪਾਣਾ
ਸ਼ਾਸਤ੍ਰ ਵਿਚ ਸ਼ਰਧਾ ਦਾ ਵਧਾਣਾ
ਬ੍ਰਾਹਮਣ ਦੇ ਇਹ ਕਰਮ ਕਹਾਂਦੇ
ਸਭ ਸੂਭਾਵ ਤੋਂ ਕੀਤੇ ਜਾਂਦੇ।

43

ਸ਼ੂਰਵੀਰਤਾ ਤੇਜ ਹੇ ਪਾਰਥ
ਧੀਰਜ ਯੁੱਧ ਵਿਚ ਹੌਂਸਲਾ ਪਾਰਥ
ਯੁੱਧ ਕਦਮ ਪਿੱਛਾਂ ਨਾ ਧਰਨਾ
ਦਾਨ ਦਾ ਦੇਣਾ ਰਾਜ ਦਾ ਕਰਨਾ
ਸ਼ੱਤਰੀ ਦੇ ਇਹ ਕਰਮ ਕਹਾਵਣ
ਸਹਿਜ ਸੂਭਾਵ ਥੋਂ ਕੀਤੇ ਜਾਵਣ।

44

ਖੇਤੀ ਵਜਨ ਵਿਆਪਾਰ ਇਹ ਸਾਰੇ
ਵੈਸ਼ਿਆਂ ਦੇ ਇਹ ਕਰਮ ਨੇ ਪਿਆਰੇ

ਕਰ ਕਰ ਖਿਦਮਤ ਸਮਾਂ ਲੰਘਾਵਣ
ਇਹ ਸ਼ੂਦਰ ਦੇ ਕਰਮ ਕਹਾਵਣ।

45

ਆਪੋ ਆਪਣਾ ਧਰਮ ਕਮਾਂਦੇ
ਧਰਮ ਕਮਾ ਕੇ ਸਿੱਧੀ ਪਾਂਦੇ
ਜਿਸ ਕਾਰਣ ਉਹ ਸਿੱਧੀ ਪਾਵਣ
ਸੋ ਮਾਰਗ ਤੂੰ ਸੁਣ ਹੇ ਅਰਜੁਨ।

46

ਜੋ ਈਸ਼ਵਰ ਸੰਸਾਰ ਰਚਾਵੇ
ਸਭ ਥਾਂ ਵਿਆਪੇ ਜਗਤ ਚਲਾਵੇ
ਇਸ ਵਿਚ ਪ੍ਰਾਣੀ ਧਿਆਨ ਲਗਾਵਣ
ਆਪਣਾ ਆਪਣਾ ਧਰਮ ਕਮਾਵਣ
ਧਰਮ ਕਮਾ ਈਸ਼ਵਰ ਨੂੰ ਧਿਆਂਦੇ
ਪਾਰਥ ਸੋ ਨਰ ਸਿੱਧੀ ਪਾਂਦੇ।

47

ਦੂਜੇ ਧਰਮਾਂ ਨਾਲੋਂ ਪਾਰਥ
ਆਪਣਾ ਧਰਮ ਸ਼੍ਰੇਸ਼ਟ ਹੈ ਪਾਰਥ
ਆਪਣੇ ਧਰਮ ਤੇ ਚੱਲਿਆਂ ਅਰਜੁਨ
ਕੋਈ ਵੀ ਦੋਸ਼ ਪਾਪ ਨਾ ਲੱਗਣ।

48

ਸਹਿਜ ਧਰਮ ਜੋ ਤੇਰਾ ਅਰਜੁਨ
ਸਭ ਥੋਂ ਜਾਣ ਚੰਗੇਰਾ ਅਰਜੁਨ
ਭਾਂਵੇ ਦੋਸ਼ ਹੋਵੇ ਉਸ ਮਾਹੀਂ
ਤਦ ਵੀ ਤਿਆਗਣਾ ਵਾਜਬ ਨਾਹੀਂ
ਸਭ ਧਰਮਾਂ ਵਿਚ ਦੋਸ਼ ਨੇ ਪਾਰਥ
ਅੱਗ ਵਿਚ ਧੂੰਆਂ ਰਹੇ ਜਿਉਂ ਪਾਰਥ।

49

ਜੱਗ ਝੰਜਟ ਵਿਚ ਚਿਤ ਨਾ ਲਾਵੇ
ਮਨ ਤੇ ਇੰਦਰੀਆਂ ਨੂੰ ਜਿੱਤ ਜਾਵੇ

ਸੋ ਨਰ ਪਰਮ ਸਿੱਧ ਹੋ ਜਾਂਦਾ
ਸੋ ਨਰ ਤੱਤ ਸਨਿਆਸ ਦਾ ਪਾਂਦਾ।

50

ਇਉਂ ਜਦ ਪ੍ਰਾਣੀ ਸਿੱਧ ਹੋ ਜਾਂਦੇ
ਸਿੱਧੀ ਪਾ ਜਦ ਬ੍ਰਹਮ ਨੂੰ ਪਾਂਦੇ
ਬ੍ਰਹਮ ਗਿਆਨ ਵਿਚ ਚਿਤ ਜਿਉਂ ਲਾਵਣ
ਸੋ ਮਾਰਗ ਹੁਣ ਸੁਣ ਤੂੰ ਅਰਜੁਨ।

51

ਬੁੱਧੀ ਸ਼ੁੱਧ ਪਵਿੱਤਰ ਕਰੇ
ਆਤਮਾ ਜਿੱਤੇ ਧੀਰਜ ਧਰੇ
ਸ਼ਬਦ ਸੰਪਰੁ ਰੂਪ ਗੰਧ
ਵਿਸ਼ਿਆ ਥੋਂ ਤੋੜੇ ਸੰਬੰਧ
ਰਾਗ ਦਵੇਸ਼ ਸਭ ਮਨੋਂ ਭੁਲਾਵੇ
ਤਿਆਗ ਭਾਵ ਨੂੰ ਮਨ ਵਿਚ ਲਿਆਵੇ।

52

ਨਦੀ ਨੀਰ ਬਣ ਪਰਵਤ ਜਾਵੇ
ਬੈਠ ਏਕਾਂਤ ਬ੍ਰਹਮ ਲਿਵ ਲਾਵੇ
ਜਦ ਖਾਵੇ ਹਲਕਾ ਅੰਨ ਖਾਵੇ
ਆਲਸ ਨਿੰਦਰਾ ਦੂਰ ਨਸਾਵੇ
ਮਨ ਬਾਣੀ ਸ਼ਰੀਰ ਵੱਸ ਸਾਰੇ
ਕਰਮ ਫਲਾਂ ਵਿਚ ਚਿਤ ਨਾ ਧਰੇ
ਧਿਆਨ ਕਰੇ ਮਨ ਵਾਗਾਂ ਮੋੜੇ
ਆਤਮਾ ਵਿਚ ਚਿਤ ਆਪਣਾ ਜੋੜੇ।

53

ਅਹੰਕਾਰ ਤੇ ਕਪਟ ਤਿਆਗੇ
ਕਾਮ ਕਰੋਧ ਆਦਿਕ ਥੋਂ ਭਾਗੇ
ਕਾਮਨਾ ਯੁਕਤ ਸਮਰੱਥ ਜੋ ਪਾਰਥ
ਐਸਾ ਬਲ ਤਿਆਗੇ ਹੇ ਪਾਰਥ
ਪਰਮ ਹੰਸ ਸਨਿਆਸੀ ਥੀਵੇ

ਮਮਤਾ ਰਹਿਤ ਜੱਗ ਵਿਚ ਜੀਵੇ
ਐਸਾ ਨਰ ਜੋ ਬ੍ਰਹਮ ਗਿਆਨੀ
ਤਿਸ ਨੂੰ ਬ੍ਰਹਮ ਰੂਪ ਤੂੰ ਜਾਣੀ।

54

ਬ੍ਰਹਮ ਗਿਆਨੀ ਆਨੰਦ ਪਾਵੇ
ਬ੍ਰਹਮ ਗਿਆਨੀ ਬ੍ਰਹਮ ਹੋ ਜਾਵੇ
ਬ੍ਰਹਮ ਗਿਆਨੀ ਸਦਾ ਨਿਰਲੇਪ
ਜੈਸੇ ਜਲ ਮੇਂ ਕੰਵਲ ਅਲੇਪ
ਬ੍ਰਹਮ ਗਿਆਨੀ ਕੁਛ ਨਾ ਚਾਹਵੇ
ਤਿਸ ਦੇ ਸ਼ੋਕ ਨਿਕਟ ਨਾ ਆਵੇ
ਬ੍ਰਹਮ ਗਿਆਨੀ ਵਰਸ਼ਟ ਸਮਾਣੇ
ਸੁਖ ਦੁਖ ਨੂੰ ਉਹ ਇਕ ਸਮ ਜਾਣੇ
ਬ੍ਰਹਮ ਗਿਆਨੀ ਬ੍ਰਹਮ ਨੂੰ ਪਾਵੇ
ਰੂਪ ਮੇਰੇ ਵਿਚ ਲੀਨ ਹੋ ਜਾਵੇ।

55

ਬ੍ਰਹਮ ਗਿਆਨੀ ਦਾ ਪ੍ਰੇਮ ਘਨੇਰਾ
ਪੂਰਣ ਤੱਤ ਉਹ ਜਾਣੇ ਮੇਰਾ
ਜਦ ਉਹ ਪੂਰਣ ਤੱਤ ਨੂੰ ਪਾਵੇ
ਤਦ ਉਹ ਮੁਝ ਵਿਚ ਲੀਨ ਹੋ ਜਾਵੇ।

56

ਜੋ ਪ੍ਰਾਣੀ ਸਭ ਕਰਮ ਕਮਾਵੇ
ਪਰ ਜੋ ਸ਼ਰਨ ਵਿਚ ਮੇਰੀ ਆਵੇ
ਕੇਵਲ ਮੇਰਾ ਆਸਰਾ ਲੋੜੇ
ਸਭ ਮੇਰੇ ਅਰਪਣ ਕਰ ਛੋੜੇ
ਐਸਾ ਭਗਤ ਵਿਸ਼ਣ ਪਦ ਪਾਵੇ
ਅਬਿਨਾਸ਼ੀ ਵਿਚ ਲੀਨ ਹੋ ਜਾਵੇ।

57

ਕਰਮ ਅਰਪਣ ਕਰ ਮੇਰੇ ਤਾਈਂ
ਬੁੱਧੀ ਨੂੰ ਕਰ ਸਥਿਤ ਮੁਝ ਮਾਹੀਂ

ਬੁੱਧੀ ਯੋਗ ਦਾ ਆਸਰਾ ਛੱਡ ਤੂੰ
ਮਨ ਚਿਤ ਮੇਰੇ ਸਮਰਪਣ ਕਰ ਤੂੰ।

*58*

ਮਨ ਚਿਤ ਮੇਰੇ ਸਮਰਪਣ ਕਰ ਕੇ
ਪਾਰਥ ਧਿਆਨ ਮੇਰੇ ਵਿਚ ਧਰ ਕੇ
ਸ਼ਰਧਾ ਨਾਲ ਮੇਰੇ ਦਰ ਆਵੀਂ
ਸਭ ਕਠੀਣਾਈਆਂ ਨੂੰ ਤਰ ਜਾਵੀਂ
ਜੇ ਤੇਂ ਅਹੰਕਾਰ ਵੱਸ ਆਕੇ
ਪਾਰਥ ਆਪਣਾ ਧਰਮ ਭੁਲਾ ਕੇ
ਮੇਰਾ ਸਤਿ ਸ੍ਰੂਪ ਨਾ ਪਾਵੀਂ
ਤਦ ਅਰਜੁਨ ਤੂੰ ਨਾਸ਼ ਹੋ ਜਾਵੀਂ।

*59*

ਅਹੰਕਾਰ ਵੱਸ ਮੂੰਹ ਨੂੰ ਖੋਲੇਂ
ਮੈਂ ਨਹੀਂ ਲੜਨਾ ਇਹ ਗੱਲ ਬੋਲੇਂ
ਇਹ ਗੱਲ ਅਰਜੁਨ ਮਿੱਥਿਆ ਤੇਰੀ
ਇਸ ਗੱਲ ਵਿਚ ਨਹੀਂ ਸ਼ਾਨ ਵਧੇਰੀ।

*60*

ਤੂੰ ਸ਼ੱਤਰੀ ਸ਼ੱਤਰਾਣੀ ਜਾਇਆ
ਰਗ ਰਗ ਵਿਚ ਸ਼ਾਤਰ ਧਰਮ ਸਮਾਇਆ
ਪ੍ਰਕਿਰਤੀ ਨੇ ਜੋਸ਼ ਵਖਾਣਾ
ਆਪੇ ਧਨੁਸ਼ ਬਾਣ ਚੜ੍ਹ ਜਾਣਾ।

*61*

ਤੂੰ ਅਰਜੁਨ ਕੁਨਤੀ ਦਾ ਜਾਇਆ
ਰਗ ਰਗ ਵਿਚ ਬਲ ਤੇਜ ਸਮਾਇਆ
ਸ਼ਾਤ੍ਰ ਧਰਮ ਸੁਭਾਵ ਹੈ ਤੇਰਾ
ਸ਼ੂਰਵੀਰਤਾ ਭਾਵ ਘਨੇਰਾ
ਮੋਹ ਵੱਸ਼ ਹੋ ਅਗਿਆਨ ਦੇ ਕਾਰਣ
ਮੈਂ ਨਹੀਂ ਲੜਨਾ ਬੋਲੇਂ ਅਰਜੁਨ
ਜਦ ਉੱਠਣੀ ਲਲਕਾਰ ਮੈਦਾਨੋਂ
ਨਿਕਲ ਆਉਣੀ ਤਲਵਾਰ ਮਿਆਨੋਂ

ਘਟ ਘਟ ਵਿਚ ਪ੍ਰਭੂ ਜਾਪ ਰਿਹਾ ਏ
ਸਭ ਹਿਰਦਿਆਂ ਵਿਚ ਵਿਆਪ ਰਿਹਾ ਏ
ਸਭ ਕੁਝ ਆਪੇ ਆਪ ਕਰਾਵੇ
ਜੱਗ ਨੂੰ ਪੁਤਲੀ ਵਾਂਗ ਨਚਾਵੇ।

62

ਸਭ ਬਾਤਾਂ ਥੋਂ ਧਿਆਨ ਹਟਾ ਤੂੰ
ਇਕ ਈਸ਼ਵਰ ਦੀ ਸ਼ਰਤੀ ਆ ਤੂੰ
ਤਦ ਤੂੰ ਪਰਮ ਸ਼ਾਂਤੀ ਪਾਵੇਂ
ਤਦ ਤੂੰ ਮੁਝ ਵਿਚ ਲੀਨ ਹੋ ਜਾਵੇਂ।

63

ਸਰਵ ਗਿਆਤਾ ਮੈਂ ਜਗਦੀਸ਼ਵਰ
ਸਭ ਜੱਗ ਪਾਲਣ ਹਾਰਾ ਈਸ਼ਵਰ
ਮੈਂ ਤੈਨੂੰ ਉਪਦੇਸ਼ ਸੁਣਾਇਆ
ਤੈਨੂੰ ਗੂੜ੍ਹ ਗਿਆਨ ਸਮਝਾਇਆ
ਕਰ ਵਿਚਾਰ ਮਨ ਧਾਰਨ ਕਰ ਤੇ
ਫਿਰ ਜੋ ਇੱਛਿਆ ਹੋਵੇ ਸੋ ਕਰ।

64

ਪਰਮ ਗੂੜ੍ਹ ਜੋ ਵਾਕ ਕਹਾਵੇ
ਵਭ ਥੋਂ ਉੱਤਮ ਮਨਿਆਂ ਜਾਵੇ
ਫਿਰ ਸੁਣ ਗੂੜ੍ਹ ਤੱਤ ਸਮਝਾਵਾਂ
ਤੈਨੂੰ ਸਾਰ ਰੂਪ ਦਰਸ਼ਾਵਾਂ।

65

ਮਨ ਚਿਤ ਮੇਰੇ ਸਮਰਪਣ ਕਰ ਤੂੰ
ਭਗਤੀ ਵੀ ਮੇਰੇ ਅਰਪਣ ਕਰ ਤੂੰ
ਪ੍ਰੇਮ ਨਾਲ ਕਰ ਮੇਰਾ ਪੂਜਨ
ਨਮਸਕਾਰ ਕਰ ਮੈਨੂੰ ਅਰਜੁਨ
ਤਦ ਤੂੰ ਪ੍ਰਾਪਤ ਹੋਵੇਂ ਮੈਨੂੰ
ਮਿਤ੍ਰ ਹੈ ਸਤਿ ਸੁਣਾਵਾਂ ਤੈਨੂੰ।

66

ਸਭ ਧਰਮਾਂ ਨੂੰ ਮਨੋਂ ਭੁਲਾ ਤੂੰ

ਕੇਵਲ ਮੇਰੀ ਸ਼ਰਣੀ ਆ ਤੂੰ
ਸਭ ਕੁਝ ਮੇਰੇ ਅਰਪਣ ਕਰ ਦੇ
ਕਰਮ ਧਰਮ ਮੇਰੇ ਚਰਣੀ ਧਰ ਦੇ
ਤਦ ਸਭ ਪਾਪਾਂ ਤੋਂ ਛੁੱਟ ਜਾਵੇਂ
ਤਦ ਤੂੰ ਅਰਜੁਨ ਮੋਕਸ਼ ਨੂੰ ਪਾਵੇਂ।

*67*

ਤੇਰੇ ਹਿੱਤ ਸਭ ਤੱਤ ਸਮਝਾਇਆ
ਪਰਮ ਗੂੜ੍ਹ ਵਿਸਤਾਰ ਸੁਣਾਇਆ
ਜੋ ਪ੍ਰਾਣੀ ਤਪ ਦਾਨ ਨਾ ਕਰੇ
ਈਸ਼ਵਰ ਭਗਤੀ ਚਿਤ ਨਾ ਧਰੇ
ਨਿਸ਼ਚੇਹੀਣ ਨਾ ਸਤਿ ਪਛਾਣੇ
ਮੁਝ ਵਿਚ ਪਾਰਥ ਦੋਸ਼ ਬਖਾਨੇ
ਸੋ ਇਸ ਗਿਆਨ ਦਾ ਪਾਤਰ ਨਾਹੀਂ
ਨਹੀਂ ਸੁਣਾਇਆ ਯੋਗ ਉਸ ਤਾਈਂ।

*68*

ਜੋ ਨੇ ਮੇਰੇ ਭਗਤ ਪਿਆਰੇ
ਮੁਝ ਵਿਚ ਸ਼ਰਧਾ ਰੱਖਣ ਹਾਰੇ
ਜੋ ਕੋਈ ਉਹਨਾਂ ਨੂੰ ਤੱਤ ਸਮਝਾਂਦਾ
ਉੱਤਮ ਗੀਤਾ ਗਿਆਨ ਸੁਣਾਂਦਾ
ਸੋ ਮੇਰਾ ਅਤਿਅੰਤ ਪਿਆਰਾ
ਉਸ ਨੂੰ ਖੁੱਲ੍ਹ ਜਾਏ ਮੋਕਸ਼ ਦਵਾਰਾ।

*69*

ਐਸਾ ਜੋ ਜੋ ਭਗਤ ਮੇਰਾ
ਉਸ ਵਿਚ ਮੇਰਾ ਪਿਆਰ ਘਨੇਰਾ
ਉਸ ਥੋਂ ਵੱਧ ਕੋਈ ਪਿਆਰਾ ਨਾਹੀਂ
ਐਥੇ ਔਥੇ ਹਰ ਦੋ ਥਾਈਂ।

*70*

ਗੀਤਾ ਗਿਆਨ ਦਾ ਪਾਠ ਕਰੇ ਜੋ
ਕ੍ਰਿਸ਼ਣਾ ਸੰਵਾਦ ਪੜ੍ਹੇ ਜੋ

ਐਸਾ ਗਿਆਨੀ ਸ੍ਰੇਸ਼ਟ ਕਹਾਵੇ
ਸੋ ਨਰ ਪਰਮਾਨੰਦ ਨੂੰ ਪਾਵੇ।

71

ਭਗਤ ਜੋ ਮੁਝ ਵਿਚ ਮਨ ਚਿਤ ਧਰੇ
ਕੇਵਲ ਗੀਤਾ ਸ਼ਰਵਣ ਹੀ ਕਰੇ
ਸੋ ਪ੍ਰਾਣੀ ਵਿਚ ਮੁਝ ਨੂੰ ਪਾਵੇ
ਮਰ ਕੇ ਪੁੰਨ ਲੋਕ ਨੂੰ ਜਾਵੇ।

72

ਕੀ ਤੂੰ ਸੁਣਿਆ ਗਿਆਨ ਹੇ ਪਾਰਥ
ਚਿਤ ਇਕਾਗਰ ਕਰਕੇ ਪਾਰਥ
ਕੀ ਮੋਹ ਤੇਰਾ ਵਿੱਨਸ਼ਯਾ ਨਾਹੀਂ
ਖੋਲ੍ਹ ਕੇ ਦੱਸ ਗੱਲ ਮੇਰੇ ਤਾਈਂ।

73

*ਅਰਜੁਨ ਬੋਲਿਆ*

ਨਸ਼ਟ ਹੋਇਆ ਮੋਹ ਕੇਸ਼ੋ ਪਿਆਰੇ
ਹੋਸ਼ ਟਿਕਾਣੇ ਆ ਗਏ ਸਾਰੇ
ਤੇਰੀ ਪਰਮ ਕ੍ਰਿਪਾ ਨਾਲ ਭਗਵਨ
ਸਾਰੇ ਸੰਸੇ ਹੋ ਗਏ ਛਿਨ ਭਿਨ।

74

*ਸੰਜੇ ਬੋਲਿਆ*

ਐਸੀ ਪਰਮ ਪਵਿੱਤਰ ਬਾਣੀ
ਮੈਂ ਹੈ ਸੁਣੀ ਵਸੂਦੇਵ ਜ਼ਬਾਨੀ
ਕ੍ਰਿਸ਼ਣਾ ਅਰਜੁਨ ਸੰਵਾਦ ਨੂੰ ਸੁਣ ਕੇ
ਵਿਸਮਤ ਹੋ ਉੱਠਣ ਲੂੰ ਕੰਡੇ।

75

ਬਿਆਸ ਮੁੰਨੀ ਜੀ ਹੋਏ ਸਹਾਇ
ਜਿਸ ਥੋਂ ਦਿਵਯ ਚਸ਼ੂ ਮੈਂ ਪਾਏ
ਕ੍ਰਿਸ਼ਣਾ ਯੋਗੇਸ਼ਵਰ ਪਰਮ ਗਿਆਨੀ
ਤਿਸ ਥੋਂ ਆਪ ਸੁਣੀ ਇਹ ਬਾਣੀ।

76
ਏਸ ਅਧਬੁੱਧ ਸੰਵਾਦ ਦਾ ਸਿਮਰਨ
ਮਨ ਨੂੰ ਹਰਿਸ਼ਤ ਕਰੇ ਹੇ ਅਰਜੁਨ
ਇਹ ਸੰਵਾਦ ਯਾਦ ਜਦ ਆਵੇ
ਰੋਮ ਰੋਮ ਵਿਚ ਖੁਸ਼ੀ ਸਮਾਵੇ।

77
ਜਦ ਅਧਬੁੱਧ ਹਰਿ ਰੂਪ ਚਿਤਾਰਾਂ
ਵਿਸ਼ਵ ਵਿਰਾਟ ਸ੍ਰੂਪ ਨਿਹਾਰਾਂ
ਤਦ ਚਿਤ ਵਿਚ ਅਸ਼ਚਰਜ ਸਮਾਵੇ
ਰੋਮ ਰੋਮ ਹਰਿਸ਼ਤ ਹੋ ਜਾਵੇ।

78
ਜਿਸ ਪਾਸੇ ਹੋਵੇ ਕ੍ਰਿਸ਼ਣ ਯੋਗੇਸ਼ਵਰ
ਮਧੁਸੂਧਨ ਮਾਧੋ ਪ੍ਰਮੇਸ਼ਵਰ
ਜਿਸ ਵੱਲ ਪਾਰਥ ਅਰਜੁਨ ਹੋਵੇ
ਗੰਡੀਵ ਧਨੁਸ਼ ਨੂੰ ਚਾੜ੍ਹ ਖਲੋਵੇ
ਹੇ ਅਰਜੁਨ ਇਹ ਸਤਿ ਕਰਮਾਨੀ
ਸ਼੍ਰੀ ਜਯ ਨੀਤੀ ਅਸੂਲ ਜਾਣੀ।

*ਸ਼੍ਰੀਮਦ ਭਗਵਦ ਗੀਤਾ ਉਪਨਿਸ਼ਦ ਬ੍ਰਹਮ ਵਿੱਦਿਆ ਯੋਗ ਸ਼ਾਸਤ੍ਰ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦਾ ਮੋਕਸ਼ ਸੰਨਿਆਸ ਯੋਗ ਨਾਮਕ ਅਠਾਰਵਾਂ ਅਧਿਆਇ ਸਮਾਪਤ ਹੋਇਆ।*



# ਸ਼੍ਰੀਮਦ ਭਗਵਦਗੀਤਾ ਕਰਮਯੋਗ

ਇਸ ਭਗਵਦ ਗੀਤਾ ਦੇ ਸਾਰੇ ਅਧਿਆਵਾਂ ਦਾ ਗੁਰਮੁਖੀ ਅਨੁਵਾਦ ਪੰਡਿਤ ਰਾਮ ਸਰਨ ਦਾਸ ਦੁਆਰਾ ਦੇਵਨਾਗਰੀ ਲਿਪੀ ਵਿੱਚ ਵੀ ਕੀਤਾ ਗਿਆ ਹੈ। ਇਹ ਅਨੁਵਾਦ ਆਜਾਦੀ ਤੋਂ ਪਹਿਲਾਂ ਦਾ ਹੈ, ਇਹ ਐਡੀਸ਼ਨ ਡਾ. ਨੀਰਾ ਸ਼ਰਮਾ ਅਤੇ ਡਾ. ਵਿਭਾ ਸ਼ਰਮਾ ਦੇ ਅਥੱਕ ਯਤਨਾਂ ਅਤੇ ਸਹਿਯੋਗ ਨਾਲ ਸੰਭਵ ਹੋਇਆ ਹੈ। ਆਸ ਹੈ ਪਾਠਕ ਇਸ ਅਨਮੋਲ ਰਚਨਾ ਦਾ ਭਰਪੂਰ ਲਾਭ ਉਠਾ ਸਕਣਗੇ। ਗੀਤਾ ਅਨੁਸਾਰ ਉਹ ਕਰਮ ਜੋ ਲੋਕ ਨਿਰਸਵਾਰਥ ਭਗਤੀ ਨਾਲ ਪ੍ਰਮਾਤਮਾ ਲਈ ਕੀਤੇ ਜਾਉਂਦੇ ਹਨ ਉਹ ਬੰਧਨ ਨਹੀਂ ਬਣਾਦੇ ਅਤੇ ਅਜਿਹੇ ਕਰਮ ਮੁਕਤੀ ਦੀ ਪਰਮ ਅਵਸਥਾ ਦੀ ਪ੍ਰਾਪਤੀ ਵੱਲ ਲੈ ਜਾਨ ਵਿਚ ਮਦਦਗਾਰ ਹੋਦੇ ਹਨ। ਇਸ ਤਰ੍ਹਾਂ, ਨਤੀਜੇ ਦੀ ਇੱਛਾ ਕੀਤੇ ਬਿਨਾ ਪ੍ਰਮਾਤਮਾ ਲਈ ਕੰਮ ਕਰਨਾ ਅਸਲ ਵਿਚ ਕਰਮ ਯੋਗ ਹੈ। ਭਾਰਤੀਯ ਦਰਸ਼ਨ ਵਿਚ ਕਰਮ ਬੰਧਨ ਦਾ ਕਾਰਨ ਮੰਨਿਆ ਜਉਂਦਾ ਹੈ। ਪਰ ਕਰਮਯੋਗ ਵਿੱਚ ਕਰਮ ਦਾ ਉਹ ਰੂਪ ਦੱਸਿਆ ਗਿਆ ਹੈ ਜੋ ਬੰਧਨ ਵਿਚ ਬੱਝਿਆ ਹੋਇਆ ਨਹੀਂ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਹੜੇ ਕਰਮ ਬੰਧਨ ਪੈਦਾ ਕਰਦੇ ਹਨ ਅਤੇ ਕਿਹੜੇ ਨਹੀਂ। ਗੀਤਾ ਦੇ ਅਨੁਸਾਰ ਜੋ ਕਰਮ ਨਿਰਸੁਆਰਥ ਭਾਵਨਾ ਨਾਲ ਪ੍ਰਮਾਤਮਾ ਲਈ ਕੀਤੇ ਜਾਉਂਦੇ ਹਨ, ਉਹ ਬੰਧਨ ਨਹੀਂ ਬਣਾਦੇ ਅਤੇ ਇਹ ਮੁਕਤੀ ਤੇ ਮੋਕਸ਼ ਦੀ ਪ੍ਰਾਪਤੀ ਵਿਚ ਮਦਦਗਾਰ ਹਨ। ਕਰਮਾਂ ਦਾ ਤਿਆਗ ਨਾਲੋਂ ਕਰਮਯੋਗ ਵੱਧ ਮਹੱਤਵਪੂਰਨ ਹੈ। ਮਨੁੱਖ ਕਰਮ ਕੀਤੇ ਬਿਨਾਂ ਇੱਕ ਪਲ ਵੀ ਨਹੀਂ ਰਹਿੰਦਾ। ਮਨੁੱਖ ਲਈ ਕਰਮ ਕਰਨਾ ਜਰੂਰੀ ਹੈ, ਇਸ ਦੇ ਬਗੈਰ ਸਰੀਰ ਦਾ ਨਿਰਵਾਹ ਵੀ ਨਹੀਂ ਹੈ। ਭਗਵਾਨ ਕ੍ਰਿਸ਼ਨ ਦੇ ਅਨੁਸਾਰ ਤਿੰਨ੍ਹਾਂ ਲੋਕਾਂ ਵਿੱਚ ਉਸ ਦਾ ਕੋਈ ਵੀ ਕਰਤੱਵ ਨਹੀਂ ਰਹ ਜਾਉਂਦਾ। ਉਨ੍ਹਾਂ ਕੋਈ ਵੀ ਅਪ੍ਰਾਪਤ ਵਸਤੂ ਲੈਣ ਦੀ ਲੋੜ ਨਹੀਂ ਹੈ। ਫਿਰ ਵੀ ਉਹ ਕਰਮ ਵਿਚ ਲੱਗੇ ਰਹਿੰਦੇ ਹਨ। ਜੇ ਉਹ ਕੰਮ ਨਹੀਂ ਕਰਦੇ, ਤਾਂ ਮਨੁੱਖ ਵੀ ਉਸ ਮਾਰਗ ਦੀ ਪਾਲਣਾ ਕਰਕੇ ਅਯੋਗ ਹੋ ਜਾਵਣ ਗੇ। ਜਿਸ ਤਰ੍ਹਾਂ ਇੱਕ ਅਗਿਆਨੀ ਮਨੁੱਖ ਨਤੀਜੇ ਪ੍ਰਾਪਤ ਕਰਨ ਦੀ ਇੱਛਾ ਨਾਲ ਕੰਮ ਕਰਦਾ ਹੈ ਇਸੇ ਤਰ੍ਹਾਂ ਆਤਮਗਿਆਨੀ ਮਨੁੱਖ ਲੋਕ-ਸੰਗਹ ਲਈ ਮੋਹ ਰਹਿਤ ਕੰਮ ਕਰਨਾ ਚਾਹੀਦਾ ਹੈ, ਇਸ ਤਰੀਕੇ ਨਾਲ ਗੀਤਾ ਅਨੁਸਾਰ ਕੇਵਲ ਇੱਕ ਆਤਮਗਿਆਨੀ ਮਨੁੱਖ ਹੀ ਸੱਚਾ ਕਰਮਯੋਗੀ ਹੋ ਸਕਦਾ ਹੈ।

ISBN 978-81-8048-301-1

Arun Publishing House
SCO 49-51, Sector - 17C,
Chandigarh - 160 017 (India)
email: arunpublishing@gmail.com

Price: ₹ 295.00 - US $ 32.00

53200
9788180483011